Rs.10/-

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Excellence in Agri Info

KHETI DUNIYAN, PATIALA

All Subject to Patiala Jurisdiction.

www.khetiduniyan.in

Editor : Jagpreet Singh ● RNI/PUNPUN00806 ● Issue Dated 02-11-2024 ● Vol.42 No.44 ● Ph. : 0175-2214575, 90410-14575 ● Page : 16

E-mail : khetiduniyan1983@gmail.com



## ਕਣਕ ਦੀ ਵਧੇਰੇ ਪੈਦਾਵਾਰ ਦੇ ਵਿਗਿਆਨਕ ਤਰੀਕੇ

**ਮਨਿੰਦਰ ਕੌਰ, ਹਰੀ ਰਾਮ ਅਤੇ ਬੇਅੰਤ ਸਿੰਘ, ਪਲਾਂਟ ਬਰੀਡਿੰਗ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98150-98390)**

ਕਣਕ ਦੀ ਵਧੇਰੇ ਪੈਦਾਵਾਰ ਲਈ ਉਪਜਾਊ ਜ਼ਮੀਨ, ਅਨੁਕੂਲ ਵਾਤਾਵਰਨ, ਉੱਨਤ ਸਿੰਚਾਈ ਸਾਧਨ, ਸੁਧਰੇ ਬੀਜ, ਖਾਦਾਂ ਅਤੇ ਉਤਪਾਦਨ ਤਕਨੀਕਾਂ ਦੇ ਮਸ਼ੀਨੀਕਰਨ ਬਹੁਤ ਵੱਡੀ ਭੂਮਿਕਾ ਨਿਭਾਉਂਦੇ ਹਨ। ਸ਼ੁਰੂਆਤੀ ਅਵਸਥਾ ਵਿਚ ਕਣਕ ਦੇ ਚੰਗੇ ਫੁਟਾਰੇ ਅਤੇ ਚੰਗਾ ਮਾਰਨ ਲਈ ਘੱਟ ਤਾਪਮਾਨ ਦੀ ਲੋੜ ਹੁੰਦੀ ਹੈ। ਦਾਣੇ ਭਰਨ ਸਮੇਂ ਮੱਧਰ ਤਾਪਮਾਨ ਚੰਗੀ ਤਰ੍ਹਾਂ ਦਾਣੇ ਭਰਨ ਅਤੇ ਦਾਣਿਆਂ ਦੇ ਪੱਕਣ ਵਿਚ ਸਹਾਈ ਹੁੰਦਾ ਹੈ।

**ਉੱਨਤ ਕਿਸਮਾਂ ਦੀ ਚੋਣ** : ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਪ੍ਰਮਾਣਿਤ ਕਿਸਮਾਂ ਅਤੇ ਚੋਣ ਕਰਨੀ ਚਾਹੀਦੀ ਹੈ। ਪੰਜਾਬ ਦੇ ਸੇਂਜੂ ਇਲਾਕਿਆਂ ਵਿਚ ਸਮੇਂ ਸਿਰ ਬਿਜਾਈ ਲਈ ਪੀ ਬੀ ਡਬਲਯੂ 826, ਪੀ ਬੀ ਡਬਲਯੂ 824,ਪੀ ਬੀ ਡਬਲਯੂ 803, ਸੁਨਿਹਰੀ (ਪੀ ਬੀ ਡਬਲਯੂ 766), ਪੀ ਬੀ ਡਬਲਯੂ 1 ਚਪਾਤੀ, ਡੀ ਬੀ ਡਬਲਯੂ 222, ਡੀ ਬੀ ਡਬਲਯੂ 187, ਐਚ ਡੀ 3226, ਉੱਨਤ ਪੀ ਬੀ ਡਬਲਯੂ 343, ਉੱਨਤ ਪੀ ਬੀ ਡਬਲਯੂ 550, ਪੀ ਬੀ ਡਬਲਯੂ 725 ਅਤੇ ਪੀ ਬੀ ਡਬਲਯੂ 677 ਅਤੇ ਵਿਸ਼ੇਸ਼ ਗੁਣਵੱਤਾ ਵਾਲੀਆਂ ਕਿਸਮਾਂ ਜਿਵੇਂ ਕਿ ਪੀ ਬੀ ਡਬਲਯੂ ਜ਼ਿੰਕ 2 ਅਤੇ ਪੀ ਬੀ ਡਬਲਯੂ 1 ਜ਼ਿੰਕ (ਇਹਨਾਂ ਦੇ ਦਾਣਿਆਂ ਵਿਚ ਜ਼ਿੰਕ ਦੀ ਮਾਤਰਾ ਵਧੇਰੇ ਹੁੰਦੀ ਹੈ) ਕਿ ਪੀ ਬੀ ਡਬਲਯੂ ਆਰ ਐਸ 1 (ਵਧੇਰੇ ਰਸਿਸਟੈਂਟ ਸਟਾਰਚ), ਕਿ ਪੀ ਬੀ ਡਬਲਯੂ 1 ਚਪਾਤੀ (ਵਧੀਆ ਰੋਟੀ ਲਈ) ਅਤੇ ਵਡਾਣਕ ਕਿਸਮਾਂ ਜਿਵੇਂ ਵਡਾਣਕ ਕਿਸਮਾਂ ਜਿਵੇਂ ਕਿ ਡਬਲਯੂ ਐਚ ਡੀ 943 ਅਤੇ ਪੀ ਡੀ ਡਬਲਯੂ 291 ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਨੀਮ ਪਹਾੜੀ ਇਲਾਕਿਆਂ ਵਿਚ ਕਿਸਾਨ ਵੀਰ ਡੀ ਬੀ ਡਬਲਯੂ 222 ਅਤੇ ਪੀ ਬੀ ਡਬਲਯੂ 803 ਦੀ ਕਾਸ਼ਤ ਨਾ ਕਰਨ ਕਿਉਂਕਿ ਇਹਨਾਂ ਕਿਸਮਾਂ ਉੱਤੇ ਪੀਲੀ ਕੁੰਗੀ ਦਾ ਹਮਲਾ ਵਧੇਰੇ ਹੁੰਦਾ ਹੈ।

### ਬਿਜਾਈ ਦੇ ਢੰਗ

**ੳ) ਖਾਦ-ਬੀਜ ਡਰਿੱਲ** : ਚੰਗੇ ਵੱਤਰ ਵਾਲੀ ਅਵਸਥਾ ਵਿਚ ਖਾਦ-ਬੀਜ ਡਰਿੱਲ ਨਾਲ ਬੀਜ ਅਤੇ ਖਾਦ ਨਿਰਧਾਰਿਤ ਜਗ੍ਹਾ ਅਤੇ ਕਤਾਰ ਤੋਂ ਕਤਾਰ 15-20 ਸੈਂਟੀਮੀਟਰ ਦੇ ਫਾਸਲੇ 'ਤੇ ਡਿੱਗਦੇ ਹਨ।

**ਅ) ਬੈੱਡਾਂ 'ਤੇ ਬਿਜਾਈ** : ਪਾਣੀ ਦੀ ਬੱਚਤ ਅਤੇ ਨਦੀਨਾਂ ਦੀ ਸੁਚੱਜੀ ਰੋਕਥਾਮ ਲਈ ਇਹ ਤਰੀਕਾ ਬਹੁਤ ਲਾਹੇਵੰਦ ਹੈ। ਇਸ ਨਾਲ ਕਣਕ ਦੀ ਬਿਜਾਈ ਲਈ 37.5 ਸੈਂਟੀਮੀਟਰ ਚੌੜੇ ਬੈੱਡਾਂ ਉੱਤੇ ਕਣਕ ਦੀਆਂ ਕਤਾਰਾਂ ਵਿਚਕਾਰ ਫਾਸਲਾ 30 ਸੈਂਟੀਮੀਟਰ ਅਤੇ ਖਾਲ ਦੀ ਚੌੜਾਈ ਵੀ 30 ਸੈਂਟੀਮੀਟਰ ਹੋਣੀ ਚਾਹੀਦੀ ਹੈ। ਇਸ ਢੰਗ ਨਾਲ 25 ਪ੍ਰਤੀਸ਼ਤ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ।

### ਬਿਨਾਂ ਵਾਹੇ ਕਣਕ ਦੀ ਬਿਜਾਈ

**ੳ) ਜ਼ੀਰੋ ਟਿੱਲ ਡਰਿੱਲ** : ਝੋਨੇ ਦੇ ਕਰਚੇ ਕੱਟੇ ਜਾਂ ਬਾਹਰ ਕੱਢੇ ਹੋਣ ਤਾਂ ਖੇਤ ਨੂੰ ਬਿਨਾਂ ਵਾਹੇ ਕਣਕ ਦੀ ਬਿਜਾਈ ਜ਼ੀਰੋ ਟਿੱਲ ਡਰਿੱਲ ਨਾਲ ਕੀਤੀ ਜਾ ਸਕਦੀ ਹੈ। ਇਸ ਤਰੀਕੇ ਨਾਲ ਬਿਜਾਈ ਕਰਨ ਲਈ ਖੇਤ ਦਾ ਵੱਤਰ ਥੋੜ੍ਹਾ ਵਧੇਰੇ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਪਿਛਲੀ ਝੋਨੇ ਦੀ ਫਸਲ ਨੂੰ ਅਖੀਰਲਾ ਪਾਣੀ ਮਿੱਟੀ ਦੀ ਕਿਸਮ ਅਨੁਸਾਰ 7-10 ਦਿਨ ਪਹਿਲਾਂ ਲਗਾਓ। ਜੇਕਰ ਬਿਜਾਈ ਝੋਨੇ ਦੇ ਵੱਤਰ ਉਪਰ ਹੀ ਕੀਤੀ ਜਾਵੇ ਤਾਂ ਇਸ ਨਾਲ ਕਣਕ ਦੀ ਬਿਜਾਈ 'ਚ ਹੋਣ ਵਾਲੀ ਦੇਰੀ ਨੂੰ ਘਟਾਇਆ ਜਾ ਸਕਦਾ ਹੈ।

**ਅ) ਹੈਪੀ ਸੀਡਰ/ਸੁਪਰ ਸੀਡਰ ਨਾਲ ਬਿਜਾਈ** : ਕੰਬਾਈਨ ਨਾਲ ਕਟਾਈ ਤੋਂ ਬਾਅਦ, ਖੜ੍ਹੇ ਕਰਚਿਆਂ ਵਿਚ ਕਣਕ ਦੀ ਬਿਜਾਈ ਹੈਪੀ ਸੀਡਰ ਜਾਂ ਪੀ.ਏ.ਯੂ. ਹੈਪੀ ਸੀਡਰ ਜਾਂ ਸੁਪਰ ਸੀਡਰ ਨਾਲ ਕੀਤੀ ਜਾ ਸਕਦੀ ਹੈ। ਇਹਨਾਂ ਮਸ਼ੀਨਾਂ ਨਾਲ ਬਿਜਾਈ ਲਈ ਪਰਾਲੀ ਨੂੰ ਖੇਤ ਵਿਚ ਇਕਸਾਰ ਖੰਡਾਰ ਲਵੋ ਅਤੇ ਕਣਕ ਦੇ ਬੀਜ ਨੂੰ 10 ਮਿ.ਲਿ. ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਕਲੋਰ ਪਾਈਰੀਫਾਸ ਨਾਲ ਸੋਧ ਲਵੋ ਅਤੇ ਬਿਜਾਈ ਦੀ ਡੂੰਘਾਈ 3-5 ਸੈਂ. ਮੀ. ਤੱਕ ਹੀ ਰੱਖੋ। ਪੀ ਬੀ ਡਬਲਯੂ 869 ਇਸ ਵਿਧੀ ਨਾਲ ਬਿਜਾਈ ਲਈ ਸਭ ਤੋਂ ਢੁੱਕਵੀਂ ਕਿਸਮ ਹੈ। ਇਸ ਕਿਸਮ ਦੇ ਦਾਣੇ ਮੋਟੇ ਹੁੰਦੇ ਹਨ ਅਤੇ ਕੋਲੀਓਪਟਾਇਲ ਦੀ ਲੰਬਾਈ ਵਧੇਰੇ ਹੁੰਦੀ ਹੈ।

**ਕਣਕ ਦੀ ਬਿਜਾਈ ਲਈ ਢੁਕਵਾਂ ਸਮਾਂ** : ਕਣਕ ਦਾ ਵਧੇਰੇ ਝਾੜ ਲਈ, ਬਿਜਾਈ ਦਾ ਸਮਾਂ ਪ੍ਰਮੁੱਖ ਭੂਮਿਕਾ ਨਿਭਾਉਂਦਾ ਹੈ। ਵਧੇਰੇ ਝਾੜ ਲੈਣ ਲਈ ਨਵੰਬਰ ਦੇ ਪਹਿਲਾ ਪੰਦਰਵਾੜਾ ਬਹੁਤ ਹੀ ਢੁੱਕਵਾਂ ਹੈ। ਢੁੱਕਵੇਂ ਸਮੇਂ ਤੋਂ ਇਕ ਹਫਤੇ ਦੀ ਪਿਛੇਤ ਤਕਰੀਬਨ 1.5 ਕੁਇੰਟਲ ਪ੍ਰਤੀ ਏਕੜ ਝਾੜ ਘਟਾ ਦਿੰਦੀ ਹੈ। ਕਣਕ ਦੀਆਂ ਲੰਮਾ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਬਿਜਾਈ 25 ਅਕਤੂਬਰ ਤੋਂ ਸ਼ੁਰੂ ਕਰਨੀ ਚਾਹੀਦੀ ਹੈ। ਕਣਕ ਦੀਆਂ ਕਿਸਮਾਂ ਪੀ ਬੀ ਡਬਲਯੂ 826, ਪੀ ਬੀ ਡਬਲਯੂ 824, ਸੁਨਿਹਰੀ (ਪੀ ਬੀ ਡਬਲਯੂ 766), ਪੀ ਬੀ ਡਬਲਯੂ 1 ਚਪਾਤੀ, ਡੀ ਬੀ ਡਬਲਯੂ 187, ਐਚ ਡੀ 3226, ਉੱਨਤ ਪੀ ਬੀ ਡਬਲਯੂ 343, ਪੀ ਬੀ ਡਬਲਯੂ 725, ਪੀ ਬੀ ਡਬਲਯੂ 677 ਅਤੇ ਡੀ ਬੀ ਡਬਲਯੂ 222 ਕਾਸ਼ਤ ਅਕਤੂਬਰ ਦੇ ਚੌਥੇ ਹਫਤੇ ਤੋਂ ਅਖੀਰ ਨਵੰਬਰ ਤੱਕ ਸਿਫਾਰਿਸ਼ ਕੀਤੀ ਜਾਂਦੀ ਹੈ ਪਰ ਵਧੇਰੇ ਝਾੜ 14 ਨਵੰਬਰ ਤੱਕ ਹੀ ਮਿਲਦਾ ਹੈ। ਇਹ ਯਾਦ ਰੱਖੋ ਕਿ ਉੱਨਤ ਪੀ ਬੀ ਡਬਲਯੂ 550 ਦੀ ਬਿਜਾਈ ਨਵੰਬਰ ਦੇ ਦੂਜੇ ਹਫਤੇ ਤੋਂ ਸ਼ੁਰੂ ਕਰਨੀ ਚਾਹੀਦੀ ਹੈ ਕਿਉਂਕਿ ਇਹ ਘੱਟ ਸਮੇਂ ਵਿਚ ਪੱਕਣ ਵਾਲੀ ਕਿਸਮ ਹੈ। ਜੇਕਰ ਇਸ ਕਿਸਮ ਦੀ ਬਿਜਾਈ ਅਗੇਤੀ ਕੀਤੀ ਜਾਵੇ ਤਾਂ ਜਨਵਰੀ ਦੇ ਪਹਿਲੇ ਪੰਦਰਵਾੜੇ ਵਿਚ ਕੋਹਰਾ ਪੈਣ ਕਾਰਨ ਦਾਣੇ ਘੱਟ ਬਣਦੇ ਹਨ, ਜਿਸ ਕਰਕੇ ਝਾੜ ਘੱਟ ਜਾਂਦਾ ਹੈ।

**ਬੀਜ ਦੀ ਮਾਤਰਾ** : ਫਸਲ ਦੀ ਕਿਸਮ ਦੀ ਚੋਣ ਤੋਂ ਬਾਅਦ ਨਰੋਇਆ, ਬਿਮਾਰੀ ਰਹਿਤ (ਖਾਸ ਕਰਕੇ ਕਰਨਾਲ ਬੰਦ) ਅਤੇ ਸਾਫ ਸੁਥਰੇ ਸਿਹਤਮੰਦ ਬੀਜ ਦੀ ਚੋਣ ਕਰਨੀ ਚਾਹੀਦੀ ਹੈ। ਉੱਨਤ ਪੀ ਬੀ ਡਬਲਯੂ 550 ਅਤੇ ਪੀ ਬੀ ਡਬਲਯੂ 869 ਲਈ 45 ਕਿਲੋ/ਏਕੜ ਅਤੇ ਬਾਕੀ ਸਾਰੀਆਂ ਸਿਫਾਰਿਸ਼ ਕਿਸਮਾਂ ਲਈ 40 ਕਿਲੋ/ਏਕੜ ਬੀਜ ਪਾਉਣਾ ਚਾਹੀਦਾ ਹੈ। ਹੈਪੀ ਸੀਡਰ ਲਈ 45 ਕਿਲੋ/ਏਕੜ ਬੀਜ ਵਰਤਣ ਦੀ ਸਲਾਹ ਦਿੱਤੀ ਜਾਂਦੀ ਹੈ।

**ਬਾਕੀ ਸਫਾ 10 'ਤੇ**



**ਹੈਪੀ ਸੀਡਰ ਮਸ਼ੀਨ ਨਾਲ ਝੋਨੇ ਦੇ ਵੱਢ ਵਿਚ ਪਰਾਲੀ ਨੂੰ ਖੇਤ ਵਿਚੋਂ ਕੱਢੇ ਬਗੈਰ ਕਣਕ ਦੀ ਸਿੱਧੀ ਬਿਜਾਈ ਕੀਤੀ ਜਾਂਦੀ ਹੈ। ਹੈਪੀ ਸੀਡਰ ਦੀ ਵਰਤੋਂ ਕਰਕੇ ਬਹੁਤ ਸਾਰੇ ਕਿਸਾਨਾਂ ਨੇ ਪਰਾਲੀ ਨੂੰ ਬਿਨਾਂ ਅੱਗ ਲਗਾਏ ਆਪਣੇ ਖੇਤ ਵਿਚ ਸੰਭਾਲਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਖੇਤੀ ਖਰਚੇ ਘਟਾ ਕੇ ਸ਼ੁੱਧ ਮੁਨਾਫਾ ਵਧਾਉਣ ਦੇ ਨਾਲ-ਨਾਲ ਜ਼ਮੀਨ ਦੀ ਸਿਹਤ ਸੁਧਾਰਨ ਵਿਚ ਵੀ ਕਾਮਯਾਬੀ ਹਾਸਿਲ ਕੀਤੀ ਹੈ।**



# ਹੈਪੀ ਸੀਡਰ ਨਾਲ ਕਣਕ ਦੀ ਸਫਲ ਕਾਸ਼ਤ ਦੇ ਨੁਕਤੇ

ਡਾ. ਇਕਬਾਲਜੀਤ ਸਿੰਘ ਬੈਨੀਪਾਲ, ਸਤਵਿੰਦਰ ਸਿੰਘ,
ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ, ਜ਼ਿਲ੍ਹਾ ਫਤਹਿਗੜ੍ਹ ਸਾਹਿਬ
(ਮੋ. 950 18-00975)

**ਮਸ਼ੀਨ ਨਾਲ ਬਿਜਾਈ ਸਮੇਂ ਤਕਨੀਕੀ ਵਖਰੇਵੇਂ**

ਪਿਛਲੇ ਸਾਲਾਂ ਵਿਚ ਜਿੱਥੇ ਹੈਪੀ ਸੀਡਰ ਦੀ ਵਰਤੋਂ ਨਾਲ ਬਹੁਤ ਸਾਰੀਆਂ ਸਫਲਤਾ ਦੀਆਂ ਉਦਾਹਰਨਾ ਦੇਖਣ ਨੂੰ ਮਿਲੀਆਂ, ਉੱਥੇ ਹੀ ਕੁਝ ਕੇਸ ਅਜਿਹੇ ਵੀ ਸਾਹਮਣੇ ਆਏ ਹਨ ਜਿੱਥੇ ਹੈਪੀ ਸੀਡਰ



ਤਕਨਾਲੋਜੀ ਦੀ ਵਰਤੋਂ ਕਰਨ ਸਮੇਂ ਕਿਸਾਨਾਂ ਨੂੰ ਕਈ ਮੁਸ਼ਕਲਾਂ ਆਈਆਂ ਕਿਉਂਕਿ ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਅਤੇ ਰਵਾਇਤੀ ਤਰੀਕੇ ਨਾਲ ਕਣਕ ਦੀ ਬਿਜਾਈ ਵਿਚ ਬਹੁਤ ਸਾਰੇ ਤਕਨੀਕੀ ਵਖਰੇਵੇਂ ਹੁੰਦੇ ਹਨ।

**ਖਾਸ ਤਕਨੀਕੀ ਗੱਲਾਂ**

ਕਿਸਾਨਾਂ ਨੂੰ ਹੈਪੀ ਸੀਡਰ ਮਸ਼ੀਨ ਦੀ ਵਰਤੋਂ ਕਰਦੇ ਸਮੇਂ ਇਨ੍ਹਾਂ ਖਾਸ ਤਕਨੀਕੀ ਗੱਲਾਂ ਦਾ ਧਿਆਨ ਰੱਖਣਾ ਲਾਜ਼ਮੀ ਹੁੰਦਾ ਹੈ ਜੋ ਇਸ ਦੀ ਸਫਲਤਾ ਨੂੰ ਯਕੀਨੀ ਬਣਾਉਂਦਾ ਹੈ।

★ ਜੇਕਰ ਝੋਨੇ ਦੀ ਫਸਲ ਵਿਚ ਸਤੰਬਰ-ਅਕਤੂਬਰ ਵਿਚ ਮੁੰਜਰਾਂ ਕੱਟਣ ਵਾਲੀ ਸੁੰਡੀ (ਕਣਕ ਦੀ ਸੈਨਿਕ ਸੁੰਡੀ) ਜਾਂ ਤਣੇ ਦੇ ਗੜੂੰਏ (ਕਣਕ ਦੀ ਗੁਲਾਬੀ ਸੁੰਡੀ) ਦਾ ਹਮਲਾ ਨਜ਼ਰ ਆਵੇ ਤਾਂ ਸਿਫਾਰਿਸ਼ ਮੁਤਾਬਿਕ ਇਨ੍ਹਾਂ ਦੀ ਰੋਕਥਾਮ ਕਰਨੀ ਚਾਹੀਦੀ ਹੈ ਤਾਂ ਜੋ ਇਹ ਕੀੜੇ ਪਰਾਲੀ ਰਾਹੀਂ ਕਣਕ ਦੀ ਫਸਲ 'ਤੇ ਹਮਲਾ ਨਾ ਕਰਨ।

★ ਝੋਨੇ ਦੀ ਵਾਢੀ ਲਈ ਪੀ.ਏ.ਯੂ. ਸੁਪਰ ਐੱਸ ਐਮ ਐਸ-ਯੁਕਤ ਕੰਬਾਈਨ ਦੀ ਵਰਤੋਂ ਕਰੋ, ਜਿਸ ਨਾਲ ਪਰਾਲੀ ਖੇਤ ਵਿਚ ਇਕਸਾਰ ਖਿੱਲਰ ਜਾਂਦੀ ਹੈ ਅਤੇ ਕਣਕ ਦੇ ਬੀਜ ਦਾ ਪੁੰਗਾਰਾ ਵਧੀਆ ਅਤੇ ਇਕਸਾਰ ਹੁੰਦਾ ਹੈ।

★ ਭਾਰੀਆਂ ਜ਼ਮੀਨਾਂ ਵਿਚ ਅਤੇ ਜ਼ਿਆਦਾ ਪਰਾਲੀ ਵਾਲੇ ਖੇਤਾਂ ਵਿਚ ਹੈਪੀ ਸੀਡਰ ਨਾਲ ਕਣਕ ਬੀਜਣ ਤੋਂ ਪਹਿਲਾਂ ਮਲਚਰ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਅਤੇ ਕਣਕ ਦੀ ਬਿਜਾਈ ਖੜ੍ਹੇ ਕਰਚਿਆਂ ਵਿਚ ਹੀ ਕਰਨੀ ਚਾਹੀਦੀ ਹੈ।

★ ਬਿਜਾਈ ਸਮੇਂ ਖੇਤ ਵਿਚ ਪੂਰਾ ਵੱਤਰ (ਤਰ ਵੱਤਰ) ਹੋਣਾ ਚਾਹੀਦਾ ਹੈ ਅਤੇ ਬਿਜਾਈ ਲਈ 45 ਤੋਂ 50 ਕਿਲੋ ਪ੍ਰਤੀ ਏਕੜ ਸੋਧੇ ਹੋਏ ਬੀਜ ਦੀ ਵਰਤੋਂ ਕਰੋ।

★ ਬਿਜਾਈ ਦੀ ਡੂੰਘਾਈ 1.5 ਤੋਂ 2.0 ਇੰਚ ਰੱਖੋ ਅਤੇ ਹੈਪੀ ਸੀਡਰ ਮਸ਼ੀਨ ਦੀ ਟਾਪ ਲਿੰਕ ਇਸ ਤਰ੍ਹਾਂ ਨਾਲ ਸੈੱਟ ਕਰੋ ਕਿ ਮਸ਼ੀਨ ਸਿੱਧੀ ਚਲੇ।

★ ਨਵੰਬਰ-ਦਸੰਬਰ ਦੇ ਮਹੀਨਿਆਂ ਵਿਚ ਪਰਾਲੀ ਵਾਲੇ ਖੇਤਾਂ ਵਿਚ ਕਣਕ ਦੀ ਫਸਲ ਵਿਚ ਤਣੇ ਦੀ ਗੁਲਾਬੀ ਸੁੰਡੀ, ਸੈਨਿਕ ਸੁੰਡੀ ਅਤੇ ਚੂਹਿਆਂ ਦੇ ਹਮਲੇ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ ਅਤੇ ਲੋੜ ਪੈਣ 'ਤੇ ਇਨ੍ਹਾਂ ਦੀ ਰੋਕਥਾਮ ਲਈ ਸਿਫਾਰਿਸ਼ ਕੀਤੇ ਤਰੀਕੇ ਵਰਤਣੇ ਚਾਹੀਦੇ ਹਨ।

**ਕੀੜੇ-ਮਕੌੜਿਆਂ ਦੀ ਰੋਕਥਾਮ 'ਚ ਸਹਾਇਕ ਪੰਛੀ**

ਪਾਣੀ ਲਗਾਉਣ ਸੰਬੰਧੀ ਇਸ ਗੱਲ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ ਕਿ ਪਾਣੀ ਹਲਕਾ ਅਤੇ ਮੌਸਮ ਦੀ ਬਰਸਾਤ ਸਬੰਧੀ ਜਾਣਕਾਰੀ ਦੇ ਮੱਦੇਨਜ਼ਰ ਹੀ ਲਾਇਆ ਜਾਵੇ। ਹਲਕਾ ਪਾਣੀ ਲਾਉਣ ਲਈ ਇਕ ਏਕੜ ਵਿਚ ਦੋ ਕਿਆਰੇ ਪਾਓ। ਹਲਕੀਆਂ ਜ਼ਮੀਨਾਂ ਵਿਚ ਕਣਕ ਨੂੰ ਪਹਿਲਾਂ ਪਾਣੀ ਤਕਰੀਬਨ 25-30 ਦਿਨ ਅਤੇ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿਚ 30-35 ਦਿਨਾਂ ਤੱਕ ਲਾਉਣਾ ਲਾਹੇਵੰਦ ਹੁੰਦਾ ਹੈ ਕਿਉਂਕਿ ਦਿਨ ਸਮੇਂ ਪਾਣੀ ਲੱਗਣ ਤੋਂ ਬਾਅਦ ਪੰਛੀ ਬਹੁਤ ਸਾਰੀਆਂ ਸੁੰਡੀਆਂ ਦਾ ਸ਼ਿਕਾਰ ਕਰਕੇ ਕੀੜੇ-ਮਕੌੜਿਆਂ ਦੀ ਰੋਕਥਾਮ ਵਿਚ ਮਦਦ ਕਰਦੇ ਹਨ।

**ਮਸ਼ੀਨ ਦੀ ਵਰਤੋਂ ਸਮੇਂ ਖਾਦ ਪਾਉਣ ਦਾ ਢੰਗ**

ਬਿਜਾਈ ਵੇਲੇ 65 ਕਿਲੋ ਡੀ ਏ ਪੀ ਪ੍ਰਤੀ ਏਕੜ ਪੋਰ ਦੇਣੀ ਚਾਹੀਦੀ ਹੈ। 40 ਕਿਲੋ ਯੂਰੀਏ ਦੀਆਂ ਦੋ ਬਰਾਬਰ ਕਿਸ਼ਤਾਂ ਪਹਿਲੇ ਅਤੇ ਦੂਜੇ ਪਾਣੀ ਤੋਂ ਪਹਿਲਾਂ ਛੱਟਾ ਦੇ ਕੇ ਤੁਰੰਤ ਬਾਅਦ ਪਾਣੀ ਲਾ ਦੇਣਾ ਚਾਹੀਦਾ ਹੈ। ਭਾਰੀਆਂ ਜ਼ਮੀਨਾਂ ਵਿਚ ਦੂਜਾ ਪਾਣੀ ਦੇਰ ਨਾਲ ਲੱਗਣ ਦੇ ਡਰ ਤੋਂ 35 ਕਿਲੋ ਯੂਰੀਆ ਬਿਜਾਈ ਤੋਂ ਪਹਿਲਾਂ ਅਤੇ ਬਾਕੀ ਬਚਦੀ ਯੂਰੀਆ ਪਹਿਲੇ ਪਾਣੀ ਤੋਂ ਪਹਿਲਾਂ ਛੱਟੇ ਨਾਲ ਪਾਉਣੀ ਚਾਹੀਦੀ ਹੈ। ਜਿੱਥੇ ਹੈਪੀ ਸੀਡਰ ਨਾਲ ਕਣਕ ਦੀ ਬਿਜਾਈ 3 ਸਾਲਾਂ ਤੋਂ ਲਗਾਤਾਰ ਕੀਤੀ ਜਾ ਰਹੀ ਹੋਵੇ, ਉੱਥੇ ਚੌਥੇ ਸਾਲ ਤੋਂ ਕਣਕ ਵਿਚ 20 ਕਿਲੋ ਯੂਰੀਆ ਪ੍ਰਤੀ ਏਕੜ ਘਟਾ ਦੇਣੀ ਚਾਹੀਦੀ ਹੈ।

# ਬਾਗਬਾਨੀ ਮਾਹਿਰ ਅਰਬਿੰਦ ਸਿੰਘ ਧੂਤ

ਜਗਜੀਤ ਸਿੰਘ ਗਣੇਸ਼ਪੁਰ
ਮੋ. 94655-76022

ਅਗਾਂਹਵਧੂ ਤੇ ਉਤਸ਼ਾਹੀ ਖੇਤੀਬਾੜੀ ਮਾਹਿਰ ਨੌਜਵਾਨ ਡਾ. ਅਰਬਿੰਦ ਸਿੰਘ ਧੂਤ, ਮਿੱਟੀ ਦਾ ਮੋਹ, ਸੋਚਾਂ ਵਿਚ ਪੰਜਾਬ ਤੇ ਪਰਿਵਾਰਕ ਪਿਛੋਕੜ ਗਦਰੀ ਬਾਬਿਆਂ ਦਾ ਹੋਣ ਕਾਰਨ ਉਸ ਵਿਚੋਂ ਤੁਹਾਨੂੰ ਪੰਜਾਬ ਪੰਜਾਬੀਅਤ ਦੀ ਅਮੀਰ ਵਿਰਾਸਤ ਦੇ ਸਹਿਜੇ ਹੀ ਦਰਸ਼ਨ ਹੁੰਦੇ ਹਨ। ਮੌਜੂਦਾ ਸਮੇਂ ਜਦੋਂ ਪੰਜਾਬ ਦੇ ਨੌਜਵਾਨ ਜਿੱਥੇ ਵਹੀਰਾਂ ਘੱਤ ਵਿਦੇਸ਼ਾਂ ਵੱਲ ਨੂੰ ਉਡਾਰੀ ਮਾਰ ਰਹੇ ਹਨ, ਉੱਥੇ ਉਸ ਸਮੇਂ ਇਸ ਦੇ ਉਲਟ ਕੋਈ ਅਜਿਹਾ ਨੌਜਵਾਨ ਜੋ ਇੰਗਲੈਂਡ ਤੋਂ ਆਪਦੀ ਪੜ੍ਹਾਈ ਪੂਰੀ ਕਰ ਪੰਜਾਬ ਨੂੰ ਤਰਜੀਹ ਦੇਵੇ ਅਤੇ ਆਪਣੇ ਪੁਰਖਿਆਂ ਮਹਾਰਾਜਾ ਦਲੀਪ ਸਿੰਘ ਦੀ ਸਮਾਧ ਤੋਂ ਇਹ ਅਹਿਦ ਕਰ ਕੇ ਆਵੇ ਕਿ ਪਰਵਾਸ ਦੇ ਇਸ ਮਾਰੂ ਰੁਝਾਨ ਨੂੰ ਠੱਲ ਪਾਉਣ ਲਈ ਉੱਥੇ ਜਾ ਕੇ ਕੁਝ ਅਜਿਹਾ ਕਰਾਂਗਾ ਜਿਸ ਨਾਲੋਂ ਨੌਜਵਾਨਾਂ ਨੂੰ ਪੰਜਾਬ ਵਿਚ ਵੀ ਆਪਣਾ ਭਵਿੱਖ ਸੁਰੱਖਿਅਤ ਦਿੱਸੇਗਾ ਤਾਂ ਉਸ ਦੀ ਗੱਲ ਕਰਨੀ ਤਾ ਬਣਦੀ ਹੈ।

**ਖੇਤੀ ਵਿਭਿੰਨਤਾ ਲਈ ਯਤਨਸ਼ੀਲ**

ਦੁਆਬੇ ਅਤੇ ਕੰਢੀ ਦੀ ਖੇਤੀਬਾੜੀ ਵਿਚ ਵਿਭਿੰਨਤਾ ਲਿਆਉਣ ਤੇ ਇਸ ਦੇ ਸਫਲ ਮੰਡੀਕਰਨ ਲਈ ਤੱਤਪਰ ਇਹ ਨੌਜਵਾਨ ਹੁਸ਼ਿਆਰਪੁਰ ਦੇ ਆਜ਼ਾਦੀ ਘੁਲਾਈਆਂ ਦੇ ਘੁੱਗ ਵੱਸਦੇ ਪਿੰਡ ਧੂਤ ਕਲਾਂ ਦਾ ਵਸਨੀਕ ਹੈ। ਅਰਬਿੰਦ ਨੇਸ਼ੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਜਲੰਧਰ ਤੋਂ ਖੇਤੀਬਾੜੀ ਵਿਚ ਬੀ. ਐੱਸ ਸੀ ਆਨਰਜ਼ ਅਤੇ ਬਾਗਬਾਨੀ ਵਿਚ ਐਮ ਐੱਸ ਸੀ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਇਸ ਖੇਤਰ ਵਿਚ ਖੋਜ ਤੇ ਨਵੀਨਤਮ (ਐਮ ਐਸਸੀ ਅੰਤਰਰਾਸ਼ਟਰੀ ਵਪਾਰ ਪ੍ਰਬੰਧਨ (ਲੰਡਨ ਮੇਟ ਯੂਨੀਵਰਸਿਟੀ) ਤਕਨੀਕ ਲਈ ਵਿਦੇਸ਼ ਜ਼ਰੂਰ ਗਿਆ। ਪਰੰਤੂ ਇਸ ਨੇ ਵਤਨ ਵਾਪਸੀ ਨੂੰ ਪਹਿਲ ਦਿੱਤੀ।

**ਸਿਖਲਾਈ ਪ੍ਰੋਗਰਾਮਾਂ ਦਾ ਕੀਤਾ ਪ੍ਰਬੰਧ**

ਉਸ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੀ ਕਿਸਾਨੀ ਸੁਸਾਇਟੀ 'ਫੈਪਰੋ' ਦੇ ਸਹਿਯੋਗ ਨਾਲ ਖੇਤੀਬਾੜੀ ਤੇ ਬਾਗਬਾਨੀ ਵਿਦਿਆਰਥੀਆਂ ਲਈ ਦਿਹਾਤੀ ਖੇਤਰ ਤਜਰਬਾ ਪ੍ਰੋਗਰਾਮ ਦਾ ਕਿੱਤਾ ਮੁੱਖੀ ਸਿਖਲਾਈ ਪ੍ਰੋਗਰਾਮਾਂ ਦਾ ਪ੍ਰਬੰਧ ਕੀਤਾ। ਇਹ ਪ੍ਰੋਗਰਾਮ ਤਕਰੀਬਨ 103 ਦੇਸ਼ਾਂ ਵਿਚ ਮਾਨਤਾ ਪ੍ਰਾਪਤ ਹਨ। ਅਰਬਿੰਤ ਹੁਣ ਤੱਕ ਤਕਰੀਬਨ 1080 ਖੇਤੀਬਾੜੀ ਵਿਦਿਆਰਥੀਆਂ ਨੂੰ ਸਿਖਲਾਈ ਦੇ ਚੁੱਕੇ ਹਨ। ਇਹ ਟ੍ਰੇਨਿੰਗ ਪ੍ਰੋਗਰਾਮ ਫੈਪਰੋ ਹਲਦੀ ਪਲਾਂਟ, ਏਜੀ ਐਗਰੋ ਐਂਡ ਟੈੱਕ ਦੇ ਸਾਂਝੇ ਉੱਦਮ ਨਾਲ ਕਰਵਾਏ ਜਾ ਰਹੇ ਹਨ। ਇਸ ਵਿਚ ਬਾਗਬਾਨੀ ਵਿਭਾਗ ਦਾ ਵਿਸ਼ੇਸ਼ ਯੋਗਦਾਨ ਹੈ। ਇਸ ਵਿਚ ਵਿਦਿਆਰਥੀਆਂ ਨੂੰ ਜੈਵਿਕ ਖੇਤੀ ਅਤੇ ਪ੍ਰੋਸੈਸਿੰਗ ਯੂਨਿਟਾਂ ਦੀ ਸਥਾਪਨਾ ਬਾਰੇ ਸਿਖਲਾਈ ਦਿੱਤੀ ਜਾਂਦੀ ਹੈ।

**ਸ਼ਹਿਦ ਉਤਪਾਦਨ ਲਈ ਵਚਨਬੱਧ**

ਉਹ ਫਾਰਮਰ ਪ੍ਰੋਡਿਊਸਿੰਗ ਆਰਗੇਨਾਈਜੇਸ਼ਨ ਰਾਹੀਂ ਕੰਡੀ ਖੇਤਰ ਵਿਚ ਸ਼ਹਿਦ ਉਤਪਾਦਨ ਦੇ ਪ੍ਰਚਾਰ ਅਤੇ ਪਸਾਰ ਲਈ ਵੀ ਵਚਨਬੱਧ ਹੈ। ਉਹ ਇਸ ਵੇਲੇ ਕਈ ਸਰਕਾਰੀ ਤੇ ਅਰਧ ਸਰਕਾਰੀ ਸੰਸਥਾਵਾਂ ਨਾਲ ਜੁੜ ਕੇ ਇਸ ਖੇਤਰ 'ਚ ਮੱਲਾਂ ਮਾਰ ਰਿਹਾ ਹੈ। ਉਹ ਕਿਸਾਨਾਂ ਨੂੰ ਜ਼ਹਿਰ ਭਰੀ ਖੇਤੀ ਨੂੰ ਅਲਵਿਦਾ ਆਖ ਜੈਵਿਕ ਖੇਤੀ ਵਿਚ ਤਬਦੀਲ ਕਰ ਕੇ ਆਰੰਭੀ ਸੀ।

**ਹੋਰ ਖੇਤਰਾਂ 'ਚ ਵੀ ਹਾਜ਼ਰੀ ਲਗਾਈ**

ਆਰਗੈਨਿਕ ਫਾਰਮਿੰਗ ਵਿਚ ਸਾਰਥਕ ਕਾਰਜ ਕਰਨ ਲਈ ਉਸ ਨੂੰ 'ਇਨੋਵੇਟਿਵ ਫਾਰਮਰਜ਼ ਐਸੋਸੀਏਸ਼ਨ' ਦੁਆਰਾ ਯੁਵਾ ਖੇਤੀਬਾੜੀ ਵਿਗਿਆਨੀ ਦੇ ਸਨਮਾਨ ਨਾਲ ਵੀ ਨਿਵਾਜਿਆ ਜਾ ਚੁੱਕਾ ਹੈ। ਉੱਥੇ ਹੀ ਅਰਬਿੰਦ ਨੇ ਗ੍ਰੈਜੂਏਟ ਕਰਦੇ ਸਮੇਂ ਆਪਣੇ ਪੜਦਾਦੇ ਦੇ ਜੀਵਨ ਉਪਰ ਕਿਤਾਬ 'ਰਾਸ਼ਟਰੀ ਸੰਘਰਸ਼ਾਂ ਦੇ ਮਸੀਹਾ ਮਾਸਟਰ ਹਰੀ ਸਿੰਘ ਧੂਤ' ਵੀ ਲਿਖ ਕੇ ਸਾਹਿਤ ਖੇਤਰ ਵਿਚ ਵੀ ਹਾਜ਼ਰੀ ਲਗਵਾ ਚੁੱਕਾ ਹੈ। ਇਸ ਦੇ ਨਾਲ ਹੀ ਧਾਰਮਿਕ ਖੇਤਰ ਵੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਹੁਸ਼ਿਆਰਪੁਰ ਜ਼ੋਨ ਵਿਚ ਵਧੀਕ ਸਕੱਤਰ ਦੇ ਤੌਰ 'ਤੇ ਵਡਮੁੱਲੀਆਂ ਸੇਵਾਵਾਂ ਨਿਭਾਅ ਰਿਹਾ ਹੈ।

**ਕਿਸਾਨਾਂ ਲਈ ਬਣਿਆ ਚਾਨਣ-ਮੁਨਾਰਾ**

ਡਾ. ਅਰਬਿੰਦ ਦੀ ਐਮ. ਐਸਸੀ. ਬਾਗਬਾਨੀ ਡ੍ਰੈਗਨ ਫਲ 'ਤੇ ਕੇਂਦਰਿਤ ਸੀ। ਉਸ ਨੂੰ ਇਸ ਨਵੇਂ ਫਲ ਉਤਪਾਦ ਦੀ ਪੈਦਾਵਾਰ ਲਈ ਕਿਸਾਨਾਂ ਨੂੰ ਆ



ਰਹੀਆਂ ਦਰਪੇਸ਼ ਸਮੱਸਿਆਵਾਂ ਤੇ ਤਕਨੀਕੀ ਸੇਧ ਦੇਣ ਵਾਲਾ ਪਹਿਲਾ 'ਐਗਰੀ ਟੈਕਨੋਕ੍ਰੇਟ' ਬਣਨ ਦਾ ਮਾਣ ਵੀ ਹਾਸਿਲ ਹੈ। ਪੰਜਾਬ ਵਿਚ ਡਰੈਗਨ ਫਲ ਦੀਆਂ ਨਵੀਆਂ ਕਿਸਮਾਂ ਦੀਆਂ ਖੋਜਾਂ ਦੇ ਅਧਿਐਨ 'ਚ ਉਹ ਮੋਹਰੀ ਭੂਮਿਕਾ ਨਿਭਾਅ ਰਿਹਾ ਹੈ ਜਿਸ ਦਾ ਕਿਸਾਨ ਭਰਾ ਫਾਇਦਾ ਉਠਾ ਰਹੇ ਹਨ। ਇਸ ਦੀ ਸਫਲ ਉਦਾਹਰਣ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਿਸਾਨ ਹਨ ਜੋ ਇਸੇ ਤਰ੍ਹਾਂ ਆਪ ਮਾਰਕੀਟ ਕਰ ਕੇ ਮੁਨਾਫਾ ਕਮਾ ਰਹੇ ਹਨ।

## ਇੰਞ ਕਰੋ, ਕੰਢੀ ਖੇਤਰ 'ਚ

# ਕਣਕ ਦੀ ਸਫਲ ਕਾਸ਼ਤ

ਬਲਵਿੰਦਰ ਢਿਲੋਂ, ਮਨਮੋਹਨਜੀਤ ਸਿੰਘ ਅਤੇ ਪਰਮਿੰਦਰ ਸੰਧੂ

ਪੰਜਾਬ ਵਿਚ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਨਾਲ-ਨਾਲ 10-20 ਕਿਲੋਮੀਟਰ ਦੀ ਚੌੜੀ ਪੱਟੀ ਦੇ ਰੂਪ ਵਿਚ ਬਰਾਨੀ ਇਲਾਕਾ ਫੈਲਿਆ ਹੋਇਆ ਹੈ ਜਿਸ ਵਿਚ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਰੋਪੜ, ਰੂਪਨਗਰ ਅਤੇ ਸਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹਿਆਂ ਦਾ ਕੁਝ ਰਕਬਾ ਆਉਂਦਾ ਹੈ। ਇਸ ਇਲਾਕੇ ਵਿਚ ਮੀਂਹ ਦੇ ਪਾਣੀ ਨੂੰ ਸੰਭਾਲ ਕੇ ਸਿੰਚਾਈ ਦੇ ਰੂਪ ਵਿਚ ਹਾੜ੍ਹੀ ਦੀ ਮੁੱਖ ਕਣਕ ਦੀ ਸੁਚੱਜੀ ਕਾਸ਼ਤ ਹੇਠ ਲਿਖੇ ਅਨੁਸਾਰ ਕਰ ਸਕਦੇ ਹਾਂ :

**ਨਮੀਂ ਦੀ ਸੰਭਾਲ** : ਕਣਕ ਤੋਂ ਚੰਗਾ ਝਾੜ ਪ੍ਰਾਪਤ ਕਰਨ ਲਈ ਹਲਕੀਆਂ ਜ਼ਮੀਨਾਂ, ਜਿਨ੍ਹਾਂ ਦੀ ਪਾਣੀ ਨੂੰ ਸੰਭਾਲਣ ਦੀ ਸ਼ਕਤੀ ਘੱਟ ਹੁੰਦੀ ਹੈ, ਇਨ੍ਹਾਂ ਵਿਚ ਸਾਉਣੀ ਦੀ ਰੁੱਤ ਵਿਚ ਰਵਾਂਹ ਜਾਂ ਸਣ ਨੂੰ ਬੀਜ ਕੇ ਜ਼ਮੀਨ ਵਿਚ ਹਰੀ ਖਾਦ ਦੇ ਰੂਪ ਵਿਚ ਕਣਕ, ਕਣਕ+ਛੋਲੇ (ਬੇਰੜਾ) ਅਤੇ ਕਣਕ+ਰਾਇਆ ਦੀਆਂ ਕਤਾਰਾਂ ਬੀਜੋ।


**ਕਿਸਮਾਂ ਅਤੇ ਬੀਜ ਦੀ ਮਾਤਰਾ** : ਬਰਾਨੀ ਹਾਲਤਾਂ ਲਈ ਕਣਕ ਦੀਆਂ ਕਿਸਮਾਂ ਪੀ.ਬੀ. ਡਬਲਯੂ-660 ਦਾ 40 ਕਿਲੋ ਸੋਧਿਆ ਹੋਇਆ ਬੀਜ ਪ੍ਰਤੀ ਏਕੜ ਵਰਤਿਆ ਜਾਵੇ। ਇਸ ਤੋਂ ਇਲਾਵਾ ਕਣਕ ਦੀਆਂ ਹੋਰ ਕਿਸਮਾਂ, ਜਿਵੇਂ ਕਿ ਪੀ. ਬੀ. ਡਬਲਿਊ 826, ਪੀ. ਬੀ. ਡਬਲਿਊ ਜ਼ਿੰਕ 2, ਪੀ. ਬੀ. ਡਬਲਿਊ ਆਰ ਐਸ 1, ਸੁਨਹਿਰੀ (ਪੀ. ਬੀ. ਡਬਲਿਊ 766), ਉੱਨਤ ਪੀ. ਬੀ. ਡਬਲਿਊ 550 ਅਤੇ ਪੀ. ਬੀ. ਡਬਲਿਊ 725 ਦੀ ਵੀ ਕਾਸ਼ਤ ਕੀਤੀ ਜਾ ਸਕਦੀ ਹੈ।

**ਬੀਜ ਦੀ ਸੋਧ** : ਬਰਾਨੀ ਇਲਾਕਿਆਂ ਵਿਚ ਸਿਉਂਕ ਬੂਟਿਆਂ ਦਾ ਬਹੁਤ ਨੁਕਸਾਨ ਕਰਦੀ ਹੈ। ਇਸ ਦੀ ਰੋਕਥਾਮ ਲਈ 40 ਗ੍ਰਾਮ ਕਰੂਜ਼ਰ (ਥਾਇਆਮੀਥੋਕਸਮ) ਜਾਂ 160 ਮਿਲੀਲਿਟਰ ਡਰਸਬਾਨ / ਰੂਬਾਨ / ਡਰਮਟ 20 ਈ ਸੀ (ਕਲੋਰਪਾਈਰੀਫਾਸ) ਜਾਂ 80 ਮਿਲੀਲਿਟਰ ਨਿਊਨਿਕਸ 20 ਐੱਫ. ਐੱਸ. (ਇਮਿਡਾਕਲੋਪਰਿਡ + ਹੈਕਸਾਕੋਨਾਜ਼ੋਲ) ਦੀ ਵਰਤੋਂ ਕਰੋ।

**ਬੀਜ ਨੂੰ ਜੀਵਾਣੂੰ ਖਾਦ ਦਾ ਟੀਕਾ ਲਾਉਣਾ** : ਕੀਟਨਾਸ਼ਕਾਂ ਦੀ ਵਰਤੋਂ ਤੋਂ 6 ਘੰਟੇ ਬਾਅਦ ਕਣਕ ਦੇ ਬੀਜ ਨੂੰ ਕਨਸ਼ੋਰਸ਼ੀਅਮ ਜੀਵਾਣੂੰ ਖਾਦ ਵੀ ਲਗਾਉਣੀ ਚਾਹੀਦੀ ਹੈ। ਪਹਿਲਾਂ ਕਨਸ਼ੋਰਸ਼ੀਅਮ ਜੀਵਾਣੂੰ ਖਾਦ ਨੂੰ ਇਕ ਲਿਟਰ ਪਾਣੀ ਵਿਚ ਮਿਲਾ ਕੇ ਕਣਕ ਦੇ ਪ੍ਰਤੀ ਏਕੜ ਬੀਜ ਨਾਲ ਚੰਗੀ ਤਰ੍ਹਾਂ ਮਿਲਾ ਲਵੋ ਅਤੇ ਫਿਰ ਸੋਧੇ ਬੀਜ ਨੂੰ ਪੱਕੇ ਫਰਸ਼ 'ਤੇ ਖਿਲਾਰ ਕੇ ਛਾਂਵੇਂ ਸੁਕਾ ਲਵੋ।

**ਬਿਜਾਈ ਦਾ ਸਮਾਂ ਅਤੇ ਢੰਗ** : ਬਿਜਾਈ ਅਕਤੂਬਰ ਦੇ ਆਖਰੀ ਹਫਤੇ ਤੋਂ ਨਵੰਬਰ ਦੇ ਪਹਿਲੇ ਹਫਤੇ ਤੱਕ ਕਰ ਦੇਣੀ ਚਾਹੀਦੀ ਹੈ। ਬਿਜਾਈ ਖਾਦ-ਬੀਜ ਡਰਿੱਲ ਨਾਲ ਕਤਾਰਾਂ ਵਿਚਕਾਰ ਫਾਸਲਾ

**ਬਾਕੀ ਸਫਾ 6 'ਤੇ**



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 42 ਅੰਕ 44**
**ਮਿਤੀ 02-11-2024**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher **JAGPREET SINGH**
Printed at **Drishti Printers,** Dasmesh Market,
Near Sher-e-Punjab Market,Gaushala Road, PATIALA &
Published at Patiala for **Prop. JAGPREET SINGH**


# ਪਰਾਲੀ ਦੀ ਸਮੱਸਿਆ ਦਾ ਸਹੀ ਹੱਲ


**ਸਿਮਰਜੀਤ ਸਿੰਘ ਬੈਂਸ, ਸਾਬਕਾ ਵਿਧਾਇਕ,**
**ਪੰਜਾਬ ਵਿਧਾਨ ਸਭਾ, ਪੰਜਾਬ (ਮੋ. 098140-93795)**


ਪਰਾਲੀ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਨੇ ਕਿਸਾਨਾਂ ਦੀ ਮਜਬੂਰੀ ਅਤੇ ਸਰਕਾਰਾਂ ਦੀ ਇਸ ਪ੍ਰਤੀ ਸੰਜੀਦਗੀ ਦੀ ਘਾਟ ਨੂੰ ਉਜਾਗਰ ਕੀਤਾ ਹੈ, ਸਰਕਾਰ ਵਲੋਂ ਇਸ ਸਮੱਸਿਆ ਦੇ ਨਿਪਟਾਰੇ ਲਈ



ਸਹੀ ਨੀਤੀ ਨਾ ਬਣਾਉਣਾ ਇਸ ਨੂੰ ਹੋਰ ਗੁੰਝਲਦਾਰ ਬਣਾ ਗਿਆ। ਜੇਕਰ ਸਮੇਂ ਸਿਰ ਇਕ ਨੀਤੀ ਤਹਿਤ ਪਰਾਲੀ ਪ੍ਰਬੰਧਨ ਲਈ ਯਤਨ ਕੀਤੇ ਹੁੰਦੇ ਤਾਂ ਵੱਡੇ-ਵੱਡੇ ਫਲੈਕਸ ਬੋਰਡ ਲਾ ਕੇ ਪਰਾਲੀ ਨੂੰ ਅੱਗ ਨਾ ਲਾਉਣ ਦੀਆਂ ਅਪੀਲਾਂ ਨਾ ਕਰਨੀਆਂ ਪੈਂਦੀਆਂ। ਕਿਸਾਨ ਨੇ ਅਗਲੀ ਫਸਲ ਲਈ ਜ਼ਮੀਨ ਤਿਆਰ ਕਰਨੀ ਹੁੰਦੀ ਹੈ, ਇਹ ਉਸ ਦੀ ਜ਼ਰੂਰਤ ਹੈ। ਪਰਾਲੀ ਨੇ ਨਿਪਟਾਰੇ ਬਿਨਾਂ ਅਜਿਹਾ ਸੰਭਵ ਨਹੀਂ, ਮਸ਼ੀਨਰੀ ਦੀ ਘਾਟ ਕਾਰਨ ਕਿਸਾਨ ਮਜਬੂਰਨ ਪਰਾਲੀ ਨੂੰ ਅੱਗ ਲਗਾਉਂਦਾ, ਇਹ ਉਸ ਦਾ ਕੋਈ ਸ਼ੌਂਕ ਨਹੀਂ ਪਰਾਲੀ ਨੂੰ ਮਿੱਟੀ 'ਚ ਮਿਲਾ ਕੇ ਕਣਕ ਬੀਜਣ ਵਾਲੀਆਂ ਮਸ਼ੀਨਾਂ ਸਮੇਤ ਰੋਟਾਵੇਟਰ ਵਰਗੀਆਂ ਆਧੁਨਿਕ ਮਸ਼ੀਨਾਂ ਉਪਲਬਧ ਹਨ, ਪਰ ਇਨ੍ਹਾਂ ਦੀ ਗਿਣਤੀ ਵੀ ਸਹਿਕਾਰੀ ਸਭਾਵਾਂ ਵਿਚ ਕਿਸਾਨਾਂ ਦੀ ਲੋੜ ਅਤੇ ਜ਼ਰੂਰਤ ਅਨੁਸਾਰ ਨਹੀਂ। ਇਹ ਮਹਿੰਗੀਆਂ ਮਸ਼ੀਨਾਂ ਖਰੀਦਣਾ ਆਮ ਅਤੇ ਦਰਮਿਆਨੇ ਵਰਗ ਦੇ ਕਿਸਾਨਾਂ ਲਈ ਸੰਭਵ ਨਹੀਂ। ਪੰਜਾਬ 'ਚ ਅੱਜ ਜ਼ਿਆਦਾ ਗਿਣਤੀ ਛੋਟੇ ਭਾਵ ਘੱਟ ਜ਼ਮੀਨ ਵਾਲੇ ਕਿਸਾਨਾਂ ਦੀ ਹੈ। ਅਜਿਹੇ 'ਚ ਸਰਕਾਰ ਵੱਲੋਂ ਆਪਣੇ ਪੱਧਰ 'ਤੇ ਪਰਾਲੀ ਪ੍ਰਬੰਧਨ ਲਈ ਢੁਕਵੇਂ ਇੰਤਜ਼ਾਮ ਕਰਨਾ ਜ਼ਰੂਰੀ ਹੈ।

ਗੁਆਂਢੀ ਸੂਬੇ ਹਰਿਆਣਾ ਅਤੇ ਦਿੱਲੀ ਵਲੋਂ ਹਵਾ ਪ੍ਰਦੂਸ਼ਣ ਲਈ ਪੰਜਾਬ ਦੇ ਕਿਸਾਨਾਂ ਦੁਆਰਾ ਪਰਾਲੀ ਨੂੰ ਅੱਗ ਲਾਉਣਾ, ਇਸ ਦਾ ਕਾਰਨ ਦੱਸਿਆ ਜਾਂਦਾ ਹੈ ਜੋ ਕਿ ਸਹੀ ਨਹੀਂ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਮੈਂਬਰ ਜਸਟਿਸ ਸੁਧੀਰ ਅਗਰਵਾਲ ਨੇ ਸਪੱਸ਼ਟ ਕਿਹਾ ਹੈ ਕਿ ਕੋਈ ਵੀ ਅਜਿਹਾ ਵਿਗਿਆਨਕ ਤੱਥ ਨਹੀਂ ਜੋ ਇਹ ਸਾਬਿਤ ਕਰਦਾ ਹੋਵੇ ਕਿ ਪੰਜਾਬ ਦੇ ਕਿਸਾਨਾਂ ਵਲੋਂ ਸਾੜੀ ਜਾਂਦੀ ਪਰਾਲੀ ਦਿੱਲੀ ਦੇ ਹਵਾ ਪ੍ਰਦੂਸ਼ਣ ਦਾ ਕਾਰਨ ਹੈ। ਪੰਜਾਬ ਦੇ ਕਿਸਾਨਾਂ ਨੂੰ ਦਿੱਲੀ ਦੇ ਪ੍ਰਦੂਸ਼ਣ ਲਈ ਜ਼ਿੰਮੇਵਾਰ ਕਹਿਣ ਵਾਲਿਆਂ ਲਈ ਸ਼ਾਇਦ ਇਹ ਸ਼ਬਦ ਕਾਫੀ ਹਨ, ਪਰ ਫਿਰ ਵੀ ਸੂਬਾ ਸਰਕਾਰ ਨੂੰ ਅਜਿਹੇ ਯਤਨ ਕਰਨੇ ਚਾਹੀਦੇ ਹਨ, ਜਿਸ ਨਾਲ ਪਰਾਲੀ ਦੀ ਸਮੱਸਿਆ ਦਾ ਪੱਕਾ ਹੱਲ ਹੋ ਸਕੇ।

ਪੰਜਾਬ ਦੇ ਜ਼ਿਆਦਾਤਰ ਕਿਸਾਨਾਂ ਦੀ ਮੌਜੂਦਾ ਆਰਥਿਕ ਹਾਲਤ ਇਜਾਜ਼ਤ ਨਹੀਂ ਦਿੰਦੀ ਕਿ ਉਹ ਮਹਿੰਗੀ ਮਸ਼ੀਨਰੀ ਖਰੀਦ ਕੇ ਪਰਾਲੀ ਨੂੰ ਸਾਂਭਣ ਲਈ ਯਤਨ ਕਰਨ, ਅਜਿਹਾ ਵੱਡਾ ਯਤਨ ਸਰਕਾਰ ਵਲੋਂ ਹੀ ਕੀਤਾ ਜਾਣਾ ਚਾਹੀਦਾ ਹੈ। ਕਿਸਾਨ ਇਸ ਦੇ ਸਮਾਨ ਅੰਤਰ ਸਹਿਯੋਗ ਅਤੇ ਯਤਨ ਕਰਨ। ਸਹਿਕਾਰੀ ਸਭਾਵਾਂ, ਪਿੰਡਾ ਦੀ ਗਿਣਤੀ ਅਤੇ ਝੋਨੇ ਅਧੀਨ ਆਈ ਕੁੱਲ ਜ਼ਮੀਨ ਦਾ ਰਿਕਾਰਡ ਇਕੱਠਾ ਕਰਕੇ ਪਰਾਲੀ ਪ੍ਰਬੰਧਨ ਲਈ ਪਰਾਲੀ ਦੀਆਂ ਗੰਢਾਂ ਬਣਾਉਣ ਵਾਲੀਆਂ ਬੇਲਰ ਮਸ਼ੀਨਾਂ ਦੀ ਅੱਜ ਬਹੁਤ ਵੱਡੀ ਲੋੜ ਹੈ। ਇਸ ਨਾਲ ਸਾਂਝੀ ਥਾਂ 'ਤੇ ਕਿਸਾਨ



ਦੀਆਂ ਜ਼ਮੀਨਾਂ ਵਿਚੋਂ ਪਰਾਲੀ ਗੰਢਾਂ ਬਣਾ ਕੇ ਕਿਸਾਨਾਂ ਤੋਂ ਬਿਨਾਂ ਕੋਈ ਖਰਚਾ ਲਿਆਂ ਇਕੱਠੀ ਕੀਤੀ ਜਾ ਸਕਦੀ ਹੈ, ਇਸ ਨਾਲ ਕਿਸਾਨ 'ਤੇ ਕੋਈ ਆਰਥਿਕ ਬੋਝ ਨਹੀਂ ਪਵੇਗਾ। ਇਕੱਠੇ ਕੀਤੇ ਅੰਕੜੇ ਇਸ ਗੱਲ ਨੂੰ ਪੁਖਤਾ ਕਰਦੇ ਹਨ ਕਿ ਸਰਕਾਰ ਲਈ ਇਹ ਟੀਚਾ ਪੂਰਨਾ ਕੋਈ ਬਹੁਤਾ ਔਖਾ ਕੰਮ ਨਹੀਂ, ਬੇਸ਼ੱਕ ਖਰਚਾ ਕੁਝ ਜ਼ਿਆਦਾ ਹੋਵੇਗਾ, ਪਰ ਪਰਾਲੀ ਪ੍ਰਬੰਧਨ ਨਾਲ ਜਿੱਥੇ ਕਿਸਾਨ ਅਤੇ ਸਰਕਾਰ ਨੂੰ ਸੌਖ ਹੋਊ ਉੱਥੇ ਇਸ ਨਾਲ ਵਾਤਾਵਰਨ 'ਤੇ ਪੈਣ ਵਾਲੇ ਮਾੜੇ ਪ੍ਰਭਾਵ ਨੂੰ ਵੀ ਰੋਕਿਆ ਜਾ ਸਕੇਗਾ। ਇਕ ਸਹਿਕਾਰੀ ਸਭਾ ਨਾਲ ਅੰਦਾਜ਼ਨ ਅੱਧੀ ਦਰਜਨ ਪਿੰਡ ਜੁੜੇ ਹੁੰਦੇ ਹਨ, ਪਰਾਲੀ ਦੀਆਂ ਗੰਢਾਂ ਬਣਾਉਣ ਵਾਲੇ ਬੇਲਰਾਂ ਦੀ ਜ਼ਰੂਰਤ ਸਹਿਕਾਰੀ ਸਭਾ ਅਧੀਨ ਆਉਂਦੇ ਪਿੰਡਾ ਦੇ ਕੁੱਲ ਏਕੜ ਅਤੇ ਕਿਸਾਨਾਂ ਦੀ ਗਿਣਤੀ ਅਨੁਸਾਰ ਹੋਵੇ, ਜਿਸ ਨਾਲ ਕਿਸੇ ਨੂੰ ਮੌਕੇ 'ਤੇ ਕੋਈ ਸਮੱਸਿਆ ਨਾ ਆਵੇ ਅਤੇ ਗੰਢਾਂ ਬਣਾਉਣ ਵਾਲੇ ਬੇਲਰ ਆਸਾਨੀ ਨਾਲ ਉਪਲਬਧ ਹੋ ਸਕਣ। ਜਿਸ ਸਹਿਕਾਰੀ ਸਭਾ ਅਧੀਨ ਜ਼ਿਆਦਾ ਪਿੰਡ ਹਨ, ਉੱਥੇ ਇਨ੍ਹਾਂ ਬੇਲਰ ਦੀ ਗਿਣਤੀ ਵਧਾ ਦਿੱਤੀ ਜਾਵੇ, ਕਿਉਂਕਿ ਮੌਕੇ 'ਤੇ ਮਸ਼ੀਨਰੀ ਦੀ ਘਾਟ ਕਾਰਨ ਕਿਸਾਨ ਪਰਾਲੀ ਨੂੰ ਅੱਗ ਲਾਉਂਦੀ ਹੈ, ਜਿਸ ਨਾਲ ਟਕਰਾਅ ਵਧਦਾ ਹੈ ਅੰਕੜੇ ਦੱਸਦੇ ਹਨ ਕਿ ਜ਼ਮੀਨ ਅਤੇ ਸਹਿਕਾਰੀ ਸਭਾਵਾਂ ਦੀ ਕੁਲ ਗਿਣਤੀ ਅਨੁਸਾਰ ਜੇਕਰ ਪਰਾਲੀ ਪ੍ਰਬੰਧਨ ਲਈ ਬੇਲਰ ਉਪਲਬਧ ਕਰਵਾਏ ਜਾਣ ਤਾਂ ਮਸਲੇ ਦਾ ਨਿਪਟਾਰਾ ਆਸਾਨੀ ਨਾਲ ਹੋ ਸਕਦਾ। ਪਰਾਲੀ ਦਾ ਉਤਪਾਦਨ ਝੋਨੇ ਦੇ ਝਾੜ 'ਤੇ ਨਿਰਭਰ ਕਰਦਾ ਹੈ। ਚੰਗੇ ਝਾੜ ਵਾਲੇ ਝੋਨੇ 'ਚ ਪਰਾਲੀ ਵੀ ਜ਼ਿਆਦਾ ਹੁੰਦੀ ਹੈ, ਇਕੱਠੇ ਕੀਤੇ ਅੰਕੜਿਆਂ ਅਨੁਸਾਰ ਪੰਜਾਬ 'ਚ ਝੋਨੇ ਅਧੀਨ ਕੁੱਲ ਜ਼ਮੀਨ 'ਚੋਂ ਹਰ ਸਾਲ ਪਰਾਲੀ ਦਾ ਉਤਪਾਦਨ ਕਰੋੜਾਂ ਟਨ ਵਿਚ ਹੁੰਦਾ ਹੈ। ਪਰਾਲੀ ਦੇ ਰਿਕਾਰਡ ਉਤਪਾਦਨ ਨੂੰ ਸਾਂਭਣਾ ਬੇਸ਼ੱਕ ਇਕ ਚੁਣੌਤੀ ਹੈ, ਪਰ ਇਕ ਨੀਤੀ ਤਹਿਤ ਇਸ ਮਕਸਦ ਦੀ ਪੂਰਤੀ ਕੀਤੀ ਜਾ ਸਕਦੀ ਹੈ।

ਪਰਾਲੀ ਦੀ ਸਾਂਭ-ਸੰਭਾਲ ਲਈ ਸਹਿਕਾਰੀ ਸਭਾਵਾਂ ਨੂੰ ਬੇਲਰ ਉਪਲਬਧ ਕਰਵਾਉਣ ਦੇ ਨਾਲ-ਨਾਲ ਬੇਲਰ ਪ੍ਰੋਜੈਕਟ ਲਾਉਣਾ ਜ਼ਰੂਰੀ ਹੈ, ਇਸ ਮਕਸਦ ਲਈ ਜ਼ਮੀਨ ਅਤੇ ਮਸ਼ੀਨਰੀ ਦੀ ਲੋੜ ਹੈ, ਪਰਾਲੀ ਦੀਆਂ ਗੰਢਾਂ ਨੂੰ ਰੱਖਣ ਲਈ ਜ਼ਮੀਨ ਠੇਕੇ 'ਤੇ ਲੈਣੀ ਪਏ ਤਾਂ ਜ਼ਮੀਨ ਵਾਲੇ ਕਿਸਾਨ ਨੂੰ ਠੇਕਾ ਦੇਣਾ ਪੈਣਾ, ਗੰਢਾਂ ਦੀ ਢੋਆ-ਢੁਆਈ ਲਈ ਟਰੈਕਟਰ-ਟਰਾਲੀਆਂ ਸਮੇਤ ਲੇਬਰ ਦੀ ਲੋੜ ਹੈ। ਬੇਲਰ ਮਸ਼ੀਨ ਖਰੀਦਣਾ ਆਮ ਕਿਸਾਨ ਦੀ ਪਹੁੰਚ ਤੋਂ ਦੂਰ ਹੈ, ਪਰ ਬੇਲਰ ਪ੍ਰੋਜੈਕਟ ਨਾਲ ਇਸ ਕੰਮ ਨੂੰ ਸਿਰੇ ਚੜ੍ਹਾਇਆ ਜਾ ਸਕਦਾ ਹੈ। ਜੇਕਰ ਲੋੜ ਅਨੁਸਾਰ ਸਰਕਾਰ ਬੇਲਰ ਪ੍ਰੋਜੈਕਟ ਲਾਵੇ ਤਾਂ ਪੰਜਾਬ ਵਿਚੋਂ ਪਰਾਲੀ ਫੂਕਣ ਦੀਆਂ ਘਟਨਾਵਾਂ ਬਿਲਕੁਲ ਖਤਮ ਹੋ ਸਕਦੀਆਂ ਹਨ।

ਇਨ੍ਹਾਂ ਬੇਲਰ ਪ੍ਰੋਜੈਕਟਾਂ, ਮਸ਼ੀਨਰੀ ਦੀ ਸਾਂਭ-ਸੰਭਾਲ ਅਤੇ ਉਸ ਦਾ ਪੁਖਤਾ ਰਿਕਾਰਡ ਰੱਖਣ ਲਈ ਇਕ ਆਈ. ਏ. ਐਸ. ਅਫਸਰ ਦੇ ਅਧੀਨ ਬੋਰਡ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ, ਜੋ ਮਸ਼ੀਨਰੀ ਅਤੇ ਬੇਲਰ ਪ੍ਰੋਜੈਕਟਾਂ 'ਤੇ ਨਿਰੰਤਰ ਨਿਗ੍ਹਾ ਰੱਖੇ, ਕੀਮਤੀ ਮਸ਼ੀਨਰੀ ਨੂੰ ਬਚਾਉਣਾ ਅਤੇ ਉਸ ਦੀ ਸਹੀਂ ਵਰਤੋਂ ਬੇਹੱਦ ਜ਼ਰੂਰੀ ਹੈ। ਇਸ ਨਾਲ ਮਹਿੰਗੀ ਮਸ਼ੀਨਰੀ ਦੀ ਦੁਰਵਰਤੋਂ ਅਤੇ ਬਰਬਾਦੀ ਰੁਕੇਗੀ। ਪਰਾਲੀ ਨੂੰ ਬਾਇਓ ਗੈਸ ਪਲਾਂਟਾਂ 'ਚ ਵਰਤ ਕੇ ਇਸ ਤੋਂ ਕੋਲੇ ਦਾ ਕੰਮ ਵੀ ਲਿਆ ਜਾ ਸਕਦਾ, ਜਿਸ ਨਾਲ ਕੋਲੇ ਦੀ ਖਪਤ ਘਟਦੀ ਹੈ ਅਤੇ ਪਰਾਲੀ ਦੀ ਸਾਂਭ-ਸੰਭਾਲ ਲਈ ਇਕ ਹੋਰ ਰਸਤਾ ਨਿਕਲਦਾ ਹੈ। ਬੇਲਰ ਪ੍ਰੋਜੈਕਟਾਂ ਜਾਂ ਫਿਰ ਸਿੱਧਾ ਕਿਸਾਨ ਦੀ ਜ਼ਮੀਨ 'ਚੋਂ ਪਰਾਲੀ ਨੂੰ ਪਲਾਂਟ ਵਿਚ ਪਹੁੰਚਾਇਆ ਜਾਵੇ ਜਿੱਥੇ ਆਧੁਨਿਕ ਤਕਨੀਕ ਰਾਹੀਂ ਪਰਾਲੀ ਕੋਲੇ ਵਾਂਗ ਵਰਤ ਕੇ ਇਸ ਦਾ ਲਾਹਾ ਲਿਆ ਜਾ ਸਕੇ।

ਪਰਾਲੀ ਪ੍ਰਬੰਧਨ ਲਈ ਸੂਬਾ ਸਕਰਕਾਰ ਵਲੋਂ ਰੱਖੇ ਟੀਚਿਆਂ ਅਨੁਸਾਰ ਪੰਜਾਬ 'ਚ ਪਰਾਲੀ ਦੀ ਕੁੱਲ ਪੈਦਾਵਾਰ 'ਚੋਂ ਤਕਰੀਬਨ ਅੱਠ ਲੱਖ ਟਨ ਪਸ਼ੂਆਂ ਦੇ ਚਾਰੇ ਲਈ ਅਤੇ ਲਗਭਗ 59 ਲੱਖ ਟਲ ਥਰਮਲ ਪਾਵਰ ਪਲਾਂਟਾਂ ਦੀ ਵਰਤੋਂ ਲਈ ਵਰਤੀ ਜਾਣੀ ਹੈ, ਪਰ ਅਸਲੀਅਤ 'ਚ ਇਹ ਗੱਲਾਂ ਲਾਗੂ ਹੁੰਦੀਆਂ ਨਜ਼ਰ ਨਹੀਂ ਆਉਂਦੀਆਂ। ਕੇਂਦਰ ਵਲੋਂ ਪੰਜਾਬ ਨੂੰ ਪਰਾਲੀ ਪ੍ਰਬੰਧਨ ਲਈ ਹੁਣ ਤੱਕ 1682 ਕਰੋੜ ਰੁਪਏ ਦਿੱਤੇ ਜਾ ਚੁੱਕੇ ਹਨ, ਪਰ ਹਾਲੇ ਵੀ ਪਰਾਲੀ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਰੁਕੀਆਂ ਨਹੀਂ। ਰਿਕਾਰਡ ਅਨੁਸਾਰ ਪੰਜਾਬ 'ਚ ਪਰਾਲੀ ਫੂਕਣ ਦੇ ਹੁਣ ਤੱਕ 200 ਮਾਮਲੇ ਸਾਹਮਣੇ ਆ ਚੁੱਕੇ ਹਨ। ਅੱਜ ਪਰਾਲੀ ਪ੍ਰਬੰਧਨ ਲਈ ਸਹੀ ਦਿਸ਼ਾ ਅਤੇ ਨੀਤੀ ਦੀ ਲੋੜ ਹੈ। ਪਰਾਲੀ ਨੂੰ ਅੱਗ ਲਾਉਣ ਦਾ ਮਸਲਾ ਪੰਜਾਬ ਦੇ ਕਿਸਾਨਾਂ ਸਿਰ ਥੋਪ ਕੇ ਹੱਲ ਨਹੀਂ ਹੋਣਾ ਬਲਕਿ ਇਸ ਨੂੰ ਹੱਲ ਕਰਨ ਲਈ ਬੇਲਰ ਪ੍ਰੋਜੈਕਟ ਲਾ ਕੇ ਕਿਸਾਨਾਂ ਦੀ ਜ਼ਮੀਨ 'ਚੋ ਬਿਨਾਂ ਖਰਚ ਸਮੇਂ ਸਿਰ ਪਰਾਲੀ ਗੰਢਾਂ ਬਣਾ ਕੇ ਚੁੱਕੀ ਜਾਵੇ। ਇਸ ਤਰ੍ਹਾਂ ਜ਼ਮੀਨ ਸਾਫ ਹੋਣ ਦੇ ਨਾਲ ਕਿਸਾਨ ਕਣਕ ਬੀਜਣ ਦੀ ਤਿਆਰੀ ਕਰ ਸਕਦਾ ਹੈ, ਜਦੋਂ ਝੋਨੇ ਦੀ ਰਹਿੰਦ-ਖੂੰਹਦ ਹੀ ਨਹੀਂ ਬਚਣੀ ਫਿਰ ਤਾਂ ਮਸਲਾ ਹੱਲ ਸਮਝੋ, ਦ੍ਰਿੜ੍ਹ ਸੰਕਲਪ ਅਤੇ ਇੱਛਾ ਸ਼ਕਤੀ ਸਰਕਾਰ ਨੂੰ ਪਰਾਲੀ ਵਾਲੇ ਮਸਲੇ ਦੇ ਹੱਲ ਵੱਲ ਲੈ ਕੇ ਜਾ ਸਕਦੇ ਹਨ।

# ਕਣਕ ਦੀ ਸਫਲ ਕਾਸ਼ਤ ਲਈ ਪੀ.ਬੀ.ਡਬਲਿਊ.-826 ਅਤੇ ਹੋਰ ਸੁਧਰੀਆਂ ਕਿਸਮਾਂ ਦੀ ਕਰੋ ਬਿਜਾਈ



ਗੁਰਵਿੰਦਰ ਸਿੰਘ ਮਾਵੀ, ਅਚਲਾ ਸ਼ਰਮਾ ਅਤੇ ਵੀਰਇੰਦਰ ਸਿੰਘ ਸੋਹੂ, ਪਲਾਂਟ ਬਰੀਡਿੰਗ ਵਿਭਾਗ, ਪੀ. ਏ. ਯੂ., ਲੁਧਿਆਣਾ
ਮੋ. 98880-54666

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲਗਾਤਾਰ ਵਧੇਰੇ ਝਾੜ ਅਤੇ ਬਿਮਾਰੀਆਂ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਣ ਵਾਲੀਆਂ ਕਿਸਮਾਂ ਦੀ ਸਿਫਾਰਸ਼ ਕਰਦੀ ਹੈ। ਪੀ.ਬੀ.ਡਬਲਿਊ-826 ਦੀ ਸਿਫਾਰਸ਼ ਸਮੇਂ ਸਿਰ ਸੇਂਜੂ ਹਾਲਤਾਂ ਲਈ ਪੂਰੇ ਪੰਜਾਬ ਲਈ ਕੀਤੀ ਗਈ ਹੈ। ਇਹ ਕਿਸਮ ਔਸਤਨ 24.0 ਕੁਇੰਟਲ ਪ੍ਰਤੀ ਏਕੜ ਝਾੜ ਦੇਣ ਦੀ ਸਮਰੱਥਾ ਰੱਖਦੀ ਹੈ। ਸਮੇਂ ਸਿਰ ਹਾਲਾਤਾਂ 'ਚ ਕੀਤੇ ਬਹੁਪੱਧਰੀ ਤਜਰਬਿਆਂ 'ਚ ਪੀ.ਬੀ.ਡਬਲਿਊ-826 ਨੇ ਐਚ.ਡੀ.3086, ਐਚ ਡੀ.-2967, ਡੀ ਬੀ ਡਬਲਿਊ-222 ਅਤੇ ਪੀ.ਬੀ.ਡਬਲਿਊ-766 ਨਾਲੋਂ ਕ੍ਰਮਵਾਰ 15.5, 31.6, 11.3 8.7 ਅਦੇ 4.4 ਪ੍ਰਤੀਸ਼ਤ ਵਧੇਰੇ ਰਿਕਾਰਡ ਕੀਤਾ ਗਿਆ। ਇਸ ਦੇ ਦਾਣੇ ਮੋਟੇ ਹੋਣ ਕਰਕੇ ਇਸ ਦੇ ਦਾਣਿਆਂ ਦਾ ਵਜ਼ਨ ਅਤੇ ਹੈਕਟੋਲੀਟਰ ਵਜ਼ਨ ਜ਼ਿਆਦਾ ਹੁੰਦਾ ਹੈ। ਇਸ ਦਾ ਕੱਦ ਤਕਰੀਬਨ 100 ਸੈਂ.ਮੀ. ਹੈ, ਜੋ ਕਿ ਬਾਕੀ ਕਿਸਮਾਂ ਨਾਲੋਂ ਮੱਧਰੀ ਹੈ ਅਤੇ ਇਹ 148 ਦਿਨਾਂ 'ਚ ਪੱਕ ਕੇ ਤਿਆਰ ਹੋ ਜਾਂਦੀ ਹੈ, ਜੋ ਕਿ 7-9 ਦਿਨ ਅਗੇਤੀ ਤਿਆਰ ਹੋ ਜਾਂਦੀ ਹੈ। ਇਸ 'ਚ ਵਧੇਰੇ ਤਾਪਮਾਨ ਨਾਲ ਟਾਕਰਾ ਕਰਨ ਦੀ ਸਮਰੱਥਾ ਹੁੰਦੀ ਹੈ। ਦੇਸ਼ ਪੱਧਰੀ ਕੀਤੇ ਖੋਜ ਤਜਰਬਿਆਂ 'ਚ ਉੱਤਰ-ਪੱਛਮੀ ਮੈਦਾਨੀ ਖੇਤਰ (ਪੰਜਾਬ, ਹਰਿਆਣਾ, ਦਿੱਲੀ ਪੱਛਮੀ ਉੱਤਰ ਪ੍ਰਦੇਸ਼, ਰਾਜਸਥਾਨ, ਉੱਤਰਾਖੰਡ, ਜੰਮੂ ਅਤੇ ਹਿਮਾਚਲ ਪ੍ਰਦੇਸ਼) 'ਚ ਲਗਾਤਾਰ 3 ਸਾਲ 2019-20 ਤੋਂ 2021-22 ਤੱਕ ਅਤੇ ਉੱਤਰ-ਪੂਰਬੀ ਮੈਦਾਨੀ ਖੇਤਰ (ਉੱਤਰੀ ਯੂ.ਪੀ., ਬਿਹਾਰ, ਝਾਰਖੰਡ, ਉੜੀਸਾ, ਆਸਾਮ) ਅਤੇ ਉੱਤਰ-ਪੂਰਬੀ ਸੂਬਿਆਂ 'ਚ ਦੋ ਸਾਲ (2019-2020 ਅਤੇ 2020-21) ਦੇ ਤਜਰਬਿਆਂ 'ਚ ਪੀ.ਬੀ.ਡਬਲਿਊ-826 ਪਰਖ ਅਧੀਨ ਸਾਰੀਆਂ ਕਿਸਮਾਂ 'ਚੋਂ ਪਹਿਲੇ ਸਥਾਨ 'ਤੇ ਰਹੀ। ਇਸ ਦੀ ਬਹੁਤ ਵਧੀਆ ਕਾਰਗੁਜ਼ਾਰੀ ਕਰਕੇ ਇਹ ਕਿਸਮ ਉੱਤਰ-ਪੱਛਮੀ ਮੈਦਾਨੀ ਅਤੇ ਉੱਤਰ-ਪੱਛਮੀ ਮੈਦਾਨੀ ਖੇਤਰਾਂ 'ਚ ਸਿਫਾਰਸ਼ ਕੀਤੀ ਗਈ ਹੈ। ਪੀ. ਬੀ. ਡਬਲਿਊ-826 ਦਾ ਵਾਤਾਵਰਨ ਅਤੇ ਪਰਜੀਵੀ ਤਣਾਅ ਦਾ ਟਾਕਰਾ ਕਰਨ ਦੀ ਸਮਰੱਥਾ ਹੋਣ ਕਾਰਨ ਬਹੁਤ ਹੀ ਪ੍ਰਚਲਿਤ ਹੋ ਗਈ ਕਿ ਕਿਸਾਨ ਮੇਲਿਆਂ 'ਚ ਇਸ ਕਿਸਮ ਦਾ ਬੀਜ ਖਰੀਦਣ ਲਈ ਹੁੰਮ-ਹੁੰਮਾ ਕੇ ਪਹੁੰਚੇ।

**ਪੀ.ਬੀ.ਡਬਲਿਊ-869** : ਇਹ ਕਿਸਮ ਨੂੰ ਝੋਨੇ ਦੇ ਵੱਢ 'ਚ ਜ਼ੀਰੋ ਟੀਲੇਜ/ਹੈਪੀ ਸੀਡਰ/ਸੁਪਰ ਸੀਡਰ ਨਾਲ ਬਿਜਾਈ ਕਰਨ ਲਈ ਸਿਫਾਰਸ਼ ਕੀਤਾ ਗਿਆ ਹੈ। ਇਸ ਦਾ ਔਸਤ ਕੱਦ 101 ਸੈਂਟੀਮੀਟਰ ਹੈ ਅਤੇ ਇਹ ਕਿਸਮ ਪੱਕਣ ਲਈ ਤਕਰੀਬਨ 158 ਦਿਨ ਲੈਂਦੀ ਹੈ। ਇਹ ਭੂਰੀ ਕੁੰਗੀ ਤੋਂ ਰਹਿਤ ਹੈ ਅਤੇ ਪੀਲੀ ਕੁੰਗੀ ਦਾ ਟਾਕਰਾ ਕਰਨ ਦੀ ਦਰਮਿਆਨੀ ਸਮਰੱਥਾ ਰੱਖਦੀ ਹੈ। ਇਸ ਦਾ ਔਸਤ ਝਾੜ 23.2 ਕੁਇੰਟਲ ਪ੍ਰਤੀ ਏਕੜ ਹੈ।

**ਸੁਨਹਿਰੀ(ਪੀ.ਬੀ.ਡਬਲਿਊ-766)** : ਇਸ ਦਾ ਔਸਤ ਕੱਦ 106 ਸੈਂਟੀਮੀਟਰ ਹੈ। ਇਹ ਕਿਸਮ ਤਕਰੀਬਨ 155 ਦਿਨਾਂ 'ਚ ਪੱਕ ਜਾਂਦੀ ਹੈ। ਇਹ ਕਿਸਮ ਪੀਲੀ ਕੁੰਗੀ ਦਾ ਕਾਫੀ ਹੱਦ ਤੱਕ ਅਤੇ ਭੂਰੀ ਕੁੰਗੀ ਦਾ ਪੂਰੀ ਤਰ੍ਹਾਂ ਟਾਕਰਾ ਕਰਦੀ ਹੈ। ਇਸ ਦਾ ਔਸਤ ਝਾੜ 23.1 ਕੁਇੰਟਲ ਪ੍ਰਤੀ ਏਕੜ ਹੈ।

**ਪੀ.ਬੀ.ਡਬਲਿਊ-824** : ਇਸ ਦਾ ਔਸਤ ਝਾੜ 23.3 ਕੁਇੰਟਲ ਪ੍ਰਤੀ ਏਕੜ ਹੈ। ਇਸ ਕਿਸਮ ਦਾ ਔਸਤ ਕੱਦ 104 ਸੈਂਟੀਮੀਟਰ ਹੈ ਅਤੇ ਪੱਕਣ ਲਈ 156 ਦਿਨ ਲੈਂਦੀ ਹੈ। ਇਹ ਭੂਰੀ ਕੁੰਗੀ ਤੋਂ ਰਹਿਤ ਹੈ ਅਤੇ ਪੀਲੀ ਕੁੰਗੀ ਦਾ ਟਾਕਰਾ ਕਰਨ ਦੀ ਦਰਮਿਆਨੀ ਸਮਰੱਥਾ ਰੱਖਦੀ ਹੈ।

**ਪੀ.ਬੀ.ਡਬਲਿਊ-803** : ਕਿਸਮ ਕੱਲਰ ਨੂੰ ਸਹਿਣਸ਼ੀਲ ਹੈ, ਇਸ ਲਈ ਇਸ ਲਈ ਇਸ ਕਿਸਮ ਦੀ ਸਿਫਾਰਸ਼ ਪੰਜਾਬ ਦੇ ਦੱਖਣ-ਪੱਛਮੀ ਇਲਾਕਿਆਂ (ਬਠਿੰਡਾ, ਫਰੀਦਕੋਟ, ਫਾਜ਼ਿਲਕਾ, ਫਿਰੋਜ਼ਪੁਰ, ਮਾਨਸਾ ਅਤੇ ਸ੍ਰੀ ਮੁਕਤਸਰ ਸਾਹਿਬ) ਲਈ ਕੀਤੀ ਗਈ ਹੈ। ਇਸ ਦਾ ਔਸਤ ਕੱਦ 100 ਸੈਂਟੀਮੀਟਰ ਹੈ ਅਤੇ 151 ਦਿਨਾਂ ਵਿਚ ਪੱਕ ਜਾਂਦੀ ਹੈ। ਇਹ ਭੂਰੀ ਕੁੰਗੀ ਤੋਂ ਰਹਿਤ ਹੈ ਅਤੇ ਪੀਲੀ ਕੁੰਗੀ ਦਾ ਟਾਕਰਾ ਕਰਨ ਦੀ ਦਰਮਿਆਨੀ ਸਮਰੱਥਾ ਰੱਖਦੀ ਹੈ। ਇਸ ਦਾ ਔਸਤ ਝਾੜ 22.7 ਕੁਇੰਟਲ ਪ੍ਰਤੀ ਏਕੜ ਹੈ।

**ਉੱਨਤ ਪੀ.ਬੀ.ਡਬਲਿਊ-343** : ਇਹ ਕਿਸਮ ਪੀ.ਬੀ.ਡਬਲਿਊ-343 ਦਾ ਸੋਧਿਆ ਹੋਇਆ ਰੂਪ ਹੈ। ਇਸ ਦਾ ਔਸਤ ਕੱਦ 100 ਸੈਂਟੀਮੀਟਰ ਹੈ ਅਤੇ ਤਕਰੀਬਨ 155 ਦਿਨਾਂ ਵਿਚ ਪੱਕ ਜਾਂਦੀ ਹੈ। ਇਹ ਕਿਸਮ ਭੂਰੀ ਕੁੰਗੀ ਦਾ ਪੂਰੀ ਤਰ੍ਹਾਂ ਅਤੇ ਪੀਲੀ ਕੁੰਗੀ ਦਾ ਕਾਫੀ ਹੱਦ ਤੱਕ ਟਾਕਰਾ ਕਰਨ ਦੀ ਦਰਮਿਆਨੀ ਸਮਰੱਥਾ ਰੱਖਦੀ ਹੈ। ਇਸ ਦਾ ਔਸਤ ਝਾੜ 23.2 ਕੁਇੰਟਲ ਪ੍ਰਤੀ ਏਕੜ ਹੈ।

**ਉੱਨਤ ਪੀ.ਬੀ.ਡਬਲਿਊ-550** : ਇਹ ਕਿਸਮ ਪੀ.ਬੀ.ਡਬਲਿਊ-550 ਦਾ ਸੋਧਿਆ ਹੋਇਆ ਰੂਪ ਹੈ। ਇਸ ਦਾ ਔਸਤ ਕੱਦ 86 ਸੈਂਟੀਮੀਟਰ ਹੈ ਅਤੇ ਤਕਰੀਬਨ 145 ਦਿਨਾਂ ਵਿਚ ਪੱਕ ਜਾਂਦੀ ਹੈ। ਇਹ ਕਿਸਮ ਪੀਲੀ ਅਤੇ ਭੂਰੀ ਕੁੰਗੀ ਤੋਂ ਰਹਿਤ ਹੈ। ਇਸ ਦੇ ਦਾਣੇ ਮੋਟੇ ਅਤੇ ਔਸਤ ਝਾੜ 23.0 ਕੁਇੰਟਲ ਪ੍ਰਤੀ ਏਕੜ ਹੈ। ਇਸ ਦੀ ਬਿਜਾਈ ਨਵੰਬਰ ਦੇ ਦੂਜੇ ਹਫਤੇ ਤੋਂ ਲੈ ਕੇ ਚੌਥੇ ਹਫਤੇ ਤੱਕ ਕਰੋ ਅਤੇ 45 ਕਿਲੋ ਬੀਜ ਹੀ ਵਰਤੋ।

**ਪੀ.ਬੀ.ਡਬਲਿਊ-725** : ਇਹ ਕਿਸਮ ਪੀਲੀ ਅਤੇ ਭੂਰੀ ਕੁੰਗੀ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਣ ਦੇ ਨਾਲ-ਨਾਲ ਪਾਪਲਰ ਹੇਠ ਬੀਜਣ ਲਈ ਵੀ ਢੁੱਕਵੀ ਹੈ। ਇਹ ਕਿਸਮ ਪੱਕਣ ਲਈ 154 ਦਿਨ ਲੈਂਦੀ ਹੈ। ਇਸ ਦਾ ਔਸਤਨ ਕੱਦ 105 ਸੈਂਟੀਮੀਟਰ ਹੈ ਅਤੇ ਝਾੜ 22.9 ਕੁਇੰਟਲ ਪ੍ਰਤੀ ਏਕੜ ਹੈ।

**ਪੀ.ਬੀ.ਡਬਲਿਊ-677** : ਇਸ ਕਿਸਮ ਦਾ ਔਸਤਨ ਕੱਦ 107 ਸੈਂਟੀਮੀਟਰ ਹੈ, ਜੋ ਕਿ ਬਾਕੀ ਕਿਸਮਾਂ ਨਾਲੋਂ ਥੋੜ੍ਹਾ ਵਧੇਰੇ ਹੈ, ਪ੍ਰੰਤੂ ਇਸ ਕਿਸਮ ਦਾ ਤਣਾ ਮਜ਼ਬੂਤ ਹੋਣ ਕਾਰਨ ਇਹ ਡਿੱਗਦੀ ਨਹੀਂ। ਪੱਕਣ ਲਈ ਤਕਰੀਬਨ 157 ਦਿਨ ਲੈਂਦੀ ਹੈ ਅਤੇ ਇਸ ਦਾ ਔਸਤ ਝਾੜ 22.4 ਕੁਇੰਟਲ ਪ੍ਰਤੀ ਏਕੜ ਹੈ। ਇਹ ਕਿਸਮ ਪੀਲੀ ਅਤੇ ਭੂਰੀ ਕੁੰਗੀ ਦਾ ਟਾਕਰਾ ਕਰਨ ਦੀ ਦਰਮਿਆਨੀ ਸਮਰੱਥਾ ਰੱਖਦੀ ਹੈ। ਇਹ ਕਿਸਮ ਪਾਪਲਰ ਹੇਠ ਬੀਜਣ ਲਈ ਵੀ ਢੁੱਕਵੀਂ ਹੈ।

**ਹੋਰ ਸਿਫਾਰਸ਼ ਕਿਸਮਾਂ** : ਡੀ ਬੀ ਡਬਲਿਊ-187, ਡੀ ਬੀ ਡਬਲਿਊ-222, ਐਚ ਡੀ. 3226 ਅਤੇ ਐਚ ਡੀ 3086 ਕਿਸਮਾਂ ਦੀ ਸਿਫਾਰਸ਼ ਸਮੇਂ ਸਿਰ ਸੇਂਜੂ ਹਾਲਾਤਾਂ ਲਈ ਕੀਤੀ ਹੈ। ਡੀ ਬੀ ਡਬਲਿਊ-222 ਨੂੰ ਨੀਮ ਪਹਾੜੀ ਇਲਾਕਿਆਂ 'ਚ ਕਾਸ਼ਤ ਨਾ ਕਰਨ ਦੀ ਵੀ ਸਿਫਾਰਸ਼ ਕੀਤੀ ਜਾਂਦੀ ਹੈ ; ਕਿਉਂਕਿ ਇਸ ਕਿਸਮ 'ਚ ਕੁੰਗੀ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ ਬਹੁਤ ਘੱਟ ਹੈ।

**ਪਿਛੇਤੀ ਬਿਜਾਈ ਲਈ ਸਿਫਾਰਸ਼ ਕਿਸਮਾਂ** : ਜਿਨ੍ਹਾਂ ਖੇਤਾਂ 'ਚ ਝੋਨੇ-ਕਣਕ ਦੇ ਫਸਲੀ ਚੱਕਰ ਦੀ ਜਗ੍ਹਾ ਕੋਈ ਹੋਰ ਫਸਲੀ ਚੱਕਰ ਜਿਵੇਂ ਕਿ ਕਪਾਹ-ਕਣਕ, ਆਲੂ-ਕਣਕ ਆਦਿ ਅਪਣਾਏ ਜਾਂਦੇ ਹਨ, ਉੱਥੇ ਕਣਕ ਦੀ ਬਿਜਾਈ 'ਚ ਦੇਰੀ ਹੋ ਜਾਂਦੀ ਹੈ, ਜਿਸ ਲਈ ਪੰਜਾਬ ਖੇਤੀਬਾੜੀ ਮਾਹਿਰਾਂ ਵੱਲੋਂ ਪੀ.ਬੀ. ਡਬਲਯੂ-771 ਅਤੇ ਪੀ.ਬੀ. ਡਬਲਯੂ-757 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ।

ਪੀ.ਬੀ. ਡਬਲਯੂ-752 ਦਾ ਔਸਤ ਕੱਦ 89 ਸੈਂ.ਮੀ., ਪੱਕਣ ਲਈ ਸਮਾਂ 130 ਦਿਨ ਅਤੇ ਝਾੜ 19.2 ਕੁਇੰਟਲ ਪ੍ਰਤੀ ਏਕੜ ਹੈ। ਪੀ.ਬੀ. ਡਬਲਯੂ-771 ਕਿਸਮ 133 ਦਿਨਾਂ 'ਚ ਪੱਕ ਕੇ ਤਿਆਰ ਹੁੰਦੀ ਹੈ ਅਤੇ ਔਸਤਨ ਕੱਦ 80 ਸੈਂ.ਮੀ. ਅਤੇ ਪ੍ਰਤੀ ਝਾੜ 19.0 ਕੁਇੰਟਲ ਹੈ। ਪੀ.ਬੀ. ਡਬਲਯੂ-757 ਕਿਸਮ ਦੀ ਬਿਜਾਈ ਲੋਹੜੀ ਤੱਕ ਵੀ ਕੀਤੀ ਜਾ ਸਕਦੀ ਹੈ। ਏਨੀ ਪਿਛੇਤੀ ਬਿਜਾਈ ਹੋਣ ਦੇ ਬਾਵਜੂਦ ਵੀ ਇਹ ਕਿਸਮ 15.8 ਕੁਇੰਟਲ ਪ੍ਰਤੀ ਏਕੜ ਝਾੜ ਦੇ ਦਿੰਦੀ ਹੈ ਅਤੇ ਨਾਲ ਹੀ ਇਹ ਕਿਸਮ ਕੁੰਗੀ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ। ਇਹ ਕਿਸਮ 114 ਦਿਨਾਂ 'ਚ ਹੀ ਪੱਕ ਕੇ ਤਿਆਰ ਹੋ ਜਾਂਦੀ ਹੈ।



# ਮਿੱਲਟ ਦੀਆਂ ਪ੍ਰੋਸੈਸਿੰਗ ਸੰਭਾਵਨਾਵਾਂ ਅਤੇ ਇਹਨਾਂ ਤੋਂ ਤਿਆਰ ਉਤਪਾਦ

ਸਵਿਤਾ ਸ਼ਰਮਾ, ਰਾਜਨ ਸ਼ਰਮਾ ਅਤੇ ਅਰਸ਼ਦੀਪ ਸਿੰਘ,
ਭੋਜਨ ਵਿਗਿਆਨ ਅਤੇ ਤਕਨਾਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ ਮੋਬਾਇਲ : 98147-69992

**ਕਣਕ ਅਤੇ ਝੋਨੇ ਵਰਗੀਆਂ ਮੁੱਖ ਫਸਲਾਂ ਦੇ ਮੁਕਾਬਲੇ ਮਿੱਲਟ ਨੂੰ ਪਾਣੀ ਦੀ ਲੋੜ ਬਹੁਤ ਘੱਟ ਹੈ ਕਿਉਂਕਿ ਇਹਨਾਂ ਦੀ ਡੂੰਘੀ ਜੜ੍ਹ ਮਿੱਟੀ ਦੀਆਂ ਹੇਠਲੀਆਂ ਪਰਤਾਂ ਤੋਂ ਪਾਣੀ ਤੱਕ ਪਹੁੰਚ ਕਰਦੀਆਂ ਹਨ ਜਿਸ ਕਰਕੇ ਮਿੱਲਟ ਸੋਕੇ ਵਿਚ ਵੀ ਹੋ ਜਾਂਦੇ ਹਨ। ਮਿੱਲਟ ਮਾੜੀ-ਗੁਣਵੱਤਾ ਵਾਲੀ ਜਾਂ ਘੱਟ ਉਪਜਾਊ ਸ਼ਕਤੀ ਵਾਲੀਆਂ ਮਿੱਟੀਆਂ ਲਈ ਵੀ ਢੁਕਵੇਂ ਹਨ। ਮਿੱਲਟ ਵਿਚ ਬਾਜਰਾ, ਜਵਾਰ ਅਤੇ ਬਾਗੀ ਤੋਂ ਇਲਾਵਾ ਕੁਟਕੀ, ਕੰਗਣੀ, ਕੋਦਰਾ, ਸਵਾਂਕ ਅਤੇ ਚੀਨਾ ਵਰਗੇ ਛੋਟੇ ਮਿੱਲਟ ਵੀ ਸ਼ਾਮਲ ਹਨ। ਮਿੱਲਟ ਬਹੁਤ ਜ਼ਿਆਦਾ ਪੌਸ਼ਟਿਕ ਅਨਾਜ ਹੁੰਦੇ ਹਨ ਕਿਉਂਕਿ ਇਨ੍ਹਾਂ ਵਿਚ ਖੁਰਾਕੀ ਫਾਈਬਰ, ਸਟਾਰਚ, ਪ੍ਰੋਟੀਨ, ਫੈਟ, ਖਣਿਜ (ਆਇਰਨ, ਜ਼ਿੰਕ, ਫਾਸਫੋਰਸ ਅਤੇ ਮੈਗਨੀਸ਼ੀਅਮ) ਅਤੇ ਵਿਟਾਮਿਨ (ਵਿਸ਼ੇਸ਼ ਤੌਰ 'ਤੇ ਬੀ-ਕੰਪਲੈਕਸ) ਸਮੇਤ ਬਹੁਤ ਸਾਰੇ ਪੌਸ਼ਟਿਕ ਤੱਤ ਹੁੰਦੇ ਹਨ।**

ਮਿੱਲਟ ਜਿੰਨਾਂ ਨੂੰ ਮੋਟੇ ਅਨਾਜ ਕਿਹਾ ਜਾਂਦਾ ਹੈ, ਨੂੰ ਉਨ੍ਹਾਂ ਦੇ ਪੌਸ਼ਟਿਕ ਗੁਣਾਂ ਅਤੇ ਪੌਸ਼ਟਿਕ ਸਮਰੱਥਾ ਦੇ ਕਾਰਨ



'ਭਵਿੱਖ ਦੇ ਅਨਾਜ' ਵਜੋਂ ਜਾਣਿਆ ਜਾਂਦਾ ਹੈ। ਕਣਕ ਅਤੇ ਝੋਨੇ ਵਰਗੀਆਂ ਮੁੱਖ ਫਸਲਾਂ ਦੇ ਮੁਕਾਬਲੇ ਮਿੱਲਟ ਨੂੰ ਪਾਣੀ ਦੀ ਲੋੜ ਬਹੁਤ ਘੱਟ ਹੈ ਕਿਉਂਕਿ ਇਹਨਾਂ ਦੀ ਡੂੰਘੀ ਜੜ੍ਹ ਮਿੱਟੀ ਦੀਆਂ ਹੇਠਲੀਆਂ ਪਰਤਾਂ ਤੋਂ ਪਾਣੀ ਤੱਕ ਪਹੁੰਚ ਕਰਦੀਆਂ ਹਨ ਜਿਸ ਕਰਕੇ ਮਿੱਲਟ ਸੋਕੇ ਵਿਚ ਵੀ ਹੋ ਜਾਂਦੇ ਹਨ। ਮਿੱਲਟ ਮਾੜੀ-ਗੁਣਵੱਤਾ ਵਾਲੀ ਜਾਂ ਘੱਟ ਉਪਜਾਊ ਸ਼ਕਤੀ ਵਾਲੀਆਂ ਮਿੱਟੀਆਂ ਲਈ ਵੀ ਢੁਕਵੇਂ ਹਨ। ਮਿੱਲਟ ਵਿਚ ਬਾਜਰਾ, ਜਵਾਰ ਅਤੇ ਬਾਗੀ ਤੋਂ ਇਲਾਵਾ ਕੁਟਕੀ, ਕੰਗਣੀ, ਕੋਦਰਾ, ਸਵਾਂਕ ਅਤੇ ਚੀਨਾ ਵਰਗੇ ਛੋਟੇ ਮਿੱਲਟ ਵੀ ਸ਼ਾਮਲ ਹਨ। ਮਿੱਲਟ ਬਹੁਤ ਜ਼ਿਆਦਾ ਪੌਸ਼ਟਿਕ ਅਨਾਜ ਹੁੰਦੇ ਹਨ ਕਿਉਂਕਿ ਇਨ੍ਹਾਂ ਵਿਚ ਖੁਰਾਕੀ ਫਾਈਬਰ, ਸਟਾਰਚ, ਪ੍ਰੋਟੀਨ, ਫੈਟ, ਖਣਿਜ (ਆਇਰਨ, ਜ਼ਿੰਕ, ਫਾਸਫੋਰਸ ਅਤੇ ਮੈਗਨੀਸ਼ੀਅਮ) ਅਤੇ ਵਿਟਾਮਿਨ (ਵਿਸ਼ੇਸ਼ ਤੌਰ 'ਤੇ ਬੀ-ਕੰਪਲੈਕਸ) ਸਮੇਤ ਬਹੁਤ ਸਾਰੇ ਪੌਸ਼ਟਿਕ ਤੱਤ ਹੁੰਦੇ ਹਨ। ਇਹਨਾਂ ਵਿਚੋਂ ਜ਼ਿਆਦਾਤਰ ਪੌਸ਼ਟਿਕ ਤੱਤ ਜਿਵੇਂ ਕਿ ਖਣਿਜ, ਵਿਟਾਮਿਨ ਅਤੇ ਫਾਈਬਰ ਮਿੱਲਟ ਦੇ ਬਾਹਰੀ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ, ਇਸ ਲਈ ਮਿੱਲਟ ਦਾ ਪੂਰਾ ਸੇਵਨ ਕਰਨਾ ਚਾਹੀਦਾ ਹੈ ਕਿਉਂਕਿ ਛਿਲਕਾ ਉਤਾਰ ਕੇ ਵਰਤਣਾ ਅਕਸਰ ਪੌਸ਼ਟਿਕ ਤੱਤਾਂ ਨੂੰ ਘਟਾ ਦਿੰਦਾ ਹੈ। ਮਿੱਲਟ ਕੁਦਰਤੀ ਤੌਰ ਤੇ ਗਲੂਟਨ ਮੁਕਤ ਅਤੇ ਘੱਟ ਗਲਾਈਸੈਮਿਕ ਇੰਡੈਕਸ ਅਨਾਜ ਹੁੰਦੇ ਹਨ ਅਤੇ ਗਲੂਟਨ ਐਲਰਜੀ ਵਾਲੇ ਖਪਤਕਾਰਾਂ ਲਈ ਇਕ ਵਿਕਲਪ ਹਨ।

ਪੌਸ਼ਟਿਕ ਤੱਤਾਂ ਦੀ ਭਰਪੂਰਤਾ ਕਾਰਣ, ਖਾਣ ਤੋਂ ਬਾਅਦ ਮਿੱਲਟ ਸੰਤੁਸ਼ਟੀ ਜਾਂ ਸੰਪੂਰਨਤਾ ਪ੍ਰਦਾਨ ਕਰਦੇ ਹਨ, ਜਿਸ ਕਰਕੇ ਇਹ ਕੈਲੋਰੀ ਨਿਯੰਤਰਣ ਅਤੇ ਵਜ਼ਨ ਪ੍ਰਬੰਧਨ ਵਿਚ ਯੋਗਦਾਨ ਪਾਉਂਦੇ ਹਨ। ਮਿੱਲਟ ਦੀ ਖਣਿਜ ਅਤੇ ਵਿਟਾਮਿਨ ਸਮੱਗਰੀ ਵੱਖ-ਵੱਖ ਸਰੀਰਕ, ਪਾਚਕ ਅਤੇ ਨਿਊਰੋਲੋਜੀਕਲ ਪ੍ਰਕਿਰਿਆਵਾਂ ਨੂੰ ਨਿਯਮਤ ਕਰਨ ਵਿਚ ਮਦਦ ਕਰਦੀ ਹੈ। ਕਾਰਬੋਹਾਈਡਰੇਟ ਅਤੇ ਉੱਚ ਰੋਧਕ ਸਟਾਰਚ ਮਿੱਲਟ ਨੂੰ ਘੱਟ ਗਲਾਈਸੈਮਿਕ ਭੋਜਨ ਬਣਾਉਂਦੇ ਹਨ ਜੋ ਸ਼ੂਗਰ ਦੇ ਮਰੀਜ਼ਾਂ ਲਈ ਢੁਕਵੇਂ ਹਨ।

**ਮਿੱਲਟ ਦੀ ਪ੍ਰੋਸੈਸਿੰਗ** : ਮਿੱਲਟ ਦੀ ਪ੍ਰੋਸੈਸਿੰਗ ਉਹਨਾਂ ਨੂੰ ਮਨੁੱਖੀ ਖਪਤ



ਲਈ ਖਾਣ ਯੋਗ ਬਣਾਉਣ ਲਈ ਲੋੜੀਂਦੀ ਹੈ ਅਤੇ ਮਿੱਲਟ ਨੂੰ ਵੱਖ-ਵੱਖ ਤਕਨੀਕਾਂ ਦੁਆਰਾ ਪ੍ਰੋਸੈਸ ਕੀਤਾ ਜਾ ਸਕਦਾ ਹੈ। ਮਕੈਨੀਕਲ ਪ੍ਰਕਿਰਿਆਵਾਂ ਜਿਵੇਂ ਕਿ ਮਿਲਿੰਗ ਅਤੇ ਪਰਲਿੰਗ ਪੌਸ਼ਟਿਕਤਾ ਨੂੰ ਬਿਹਤਰ ਬਣਾਉਂਦੀਆਂ ਹਨ ਅਤੇ ਉਤਪਾਦਾਂ ਲਈ ਪ੍ਰੋਸੈਸਿੰਗ ਵਿਚ ਸੋਖ ਕਰਦੀਆਂ ਹਨ। ਪਾਣੀ ਵਿੱਚ ਭਿਉਣਾ, ਪੁੰਗਰਣਾ ਅਤੇ ਖਮੀਰੀਕਰਣ, ਪੌਸ਼ਕ ਤੱਤਾਂ ਦੀ ਰਚਨਾ, ਐਂਟੀਆਕਸੀਡੈਂਟ ਅਤੇ ਪੌਸ਼ਟਿਕ ਪਾਚਕਤਾ ਨੂੰ ਵਧਾਉਣ ਵਿਚ ਮਦਦ ਕਰਦੀਆਂ ਹਨ। ਬੇਕਿੰਗ, ਪੋਪਿੰਗ, ਐਕਸਟਰਿਊਸ਼ਨ, ਭੁੰਨਣਾ ਅਤੇ ਖਾਣਾ ਬਣਾਉਣ ਸਮੇਤ ਥਰਮਲ ਪਕਿਰਿਆਵਾਂ ਕੱਚੇ ਮਿੱਲਟ ਨੂੰ ਖਾਣ ਲਈ ਤਿਆਰ ਭੋਜਨ ਉਤਪਾਦਾਂ ਵਿਚ ਬਦਲ ਦਿੰਦੀਆਂ ਹਨ।

**ਮਿੱਲਟ ਤੋਂ ਤਿਆਰ ਉਤਪਾਦ** : ਮਿੱਲਟ ਨੂੰ ਪੂਰੇ ਅਨਾਜ, ਆਟਾ, ਦਰਦਰੇ ਅਤੇ ਫਲੈਕਸ ਰੂਪਾਂ ਵਿਚ ਵੱਖ-ਵੱਖ ਭੋਜਨ ਉਤਪਾਦਾਂ ਲਈ ਵਰਤਿਆ ਜਾ ਸਕਦਾ ਹੈ।

**ਬੇਕਰੀ ਉਤਪਾਦ** : ਮਿੱਲਟ ਨੂੰ ਕੁਕੀਜ਼, ਬਿਸਕੁਟ, ਕੇਕ, ਮਫਿਨ ਆਦਿ ਬਣਾਉਣ ਵਿਚ ਸਫਲਤਾਪੂਰਵਕ ਵਰਤਿਆ ਜਾ ਸਕਦਾ ਹੈ। ਬੇਕਰੀ ਉਤਪਾਦ ਬਣਾਉਣ ਲਈ ਸਿਹਤਮੰਦ ਅਤੇ ਪੌਸ਼ਟਿਕ ਮਿਲਟ ਦੇ ਆਟੇ ਨੂੰ ਮੈਦਾ ਜਾਂ ਕਣਕ ਦੇ ਆਟੇ ਦੀ ਥਾਂ 'ਤੇ ਵਰਤਿਆ ਜਾ ਸਕਦਾ ਹੈ।

**ਪਾਸਤਾ ਅਤੇ ਨੂਡਲਜ਼** : ਪਾਸਤਾ, ਮੈਕਰੋਨੀ ਅਤੇ ਨੂਡਲਜ਼ ਵਰਗੇ ਉਤਪਾਦ ਆਮ ਤੌਰ 'ਤੇ ਸੂਜੀ ਤੋਂ ਤਿਆਰ ਕੀਤੇ ਜਾਂਦੇ ਹਨ; ਹਾਲਾਂਕਿ, ਕਣਕ ਦੀ ਸਮੱਗਰੀ ਨੂੰ ਘਟਾਉਣ ਅਤੇ ਮੌਜੂਦਾ ਉਤਪਾਦਾਂ ਵਿਚ ਵਿਭਿੰਨਤਾ ਜੋੜਨ ਲਈ, ਮਿੱਲਟ ਨੂੰ ਵੱਖ-ਵੱਖ ਪੱਧਰਾਂ 'ਤੇ ਸ਼ਾਮਲ ਕੀਤਾ ਜਾ ਸਕਦਾ ਹੈ।

**ਰੋਸਟਡ/ਭੁੰਨੇ ਹੋਏ ਮਿੱਲਟ** : ਮਿੱਲਟ ਨੂੰ ਖੁੱਲ੍ਹੀ ਕੜਾਈ ਵਿਚ ਜਾਂ ਨਮਕ/ਰੇਤ ਨਾਲ ਭੁੰਨਿਆ ਜਾ ਸਕਦਾ ਹੈ ਅਤੇ ਆਮ ਤੌਰ 'ਤੇ ਭੁੰਨੇ ਹੋਏ ਮਿੱਲਟ ਨੂੰ ਸਨੈਕਸ ਵਜੋਂ ਖਾਧਾ ਜਾਂਦਾ ਹੈ। ਇਹਨਾਂ ਭੁੰਨੇ ਹੋਏ ਮਿੱਲਟ ਦਾ ਸਵਾਦ ਵਧਾਉਣ ਲਈ ਉਹਨਾਂ ਨੂੰ ਲੋੜੀਂਦੇ ਫਲੇਵਰ ਨਾਲ ਰਲਾਇਆ ਜਾ ਸਕਦਾ ਹੈ।

**ਦੇਸੀ ਉਤਪਾਦ** : ਮਿੱਲਟ ਦੀ ਵਰਤੋਂ ਕਈ ਸਵਦੇਸ਼ੀ ਉਤਪਾਦਾਂ ਜਿਵੇਂ ਕਿ ਰੋਟੀ, ਪੂੜਾ, ਚਿੱਲਾ, ਪੰਜੀਰੀ, ਲੱਡੂ, ਗੱਚਕ ਅਤੇ ਬਾਰ ਨੂੰ ਵਿਕਸਤ ਕਰਨ ਲਈ ਵੀ ਕੀਤੀ ਜਾ ਸਕਦੀ ਹੈ। ਇਹਨਾਂ ਉਤਪਾਦਾਂ ਦੀ ਤਿਆਰੀ ਲਈ ਰਵਾਇਤੀ ਆਟੇ ਨੂੰ ਮਿੱਲਟ ਦੇ ਆਟੇ ਨਾਲ ਸਫਲਤਾਪੂਰਵਕ ਬਦਲਿਆ ਜਾ ਸਕਦਾ ਹੈ ਜੋ ਇਹਨਾਂ ਉਤਪਾਦਾਂ ਦੇ ਖਣਿਜਾਂ, ਬਾਇਓਐਕਟਿਵ, ਖੁਰਾਕ ਫਾਈਬਰ ਅਤੇ ਪ੍ਰੋਟੀਨ ਮਿਸ਼ਰਣਾਂ ਨੂੰ ਵਧਾਉਂਦਾ ਹੈ।





ਪੁਰਾਣੀ ਕਹਾਵਤ ਹੈ ਕਿ 'ਔਲੇ ਦਾ ਖਾਧਾ ਤੇ ਸਿਆਣੇ ਦਾ ਕਿਹਾ ਬਾਅਦ 'ਚ ਪਤਾ ਲੱਗਦਾ।' ਪਰ ਅਫਸੋਸ ! ਅੱਜ ਅਸੀਂ ਔਲੇ ਵਰਗੀਆਂ ਕੁਦਰਤੀ ਨਿਆਮਤਾਂ ਤੇ ਸਿਆਣਿਆਂ ਦੀਆਂ ਸਲਾਹਾਂ ਤੋਂ ਦੂਰ ਹੀ ਰਹਿੰਦੇ ਹਾਂ। ਸਿਆਣੇ ਔਲੇ ਨੂੰ ਦੇਵਤਿਆਂ ਦੇ ਫਲ ਜਾਂ ਅੰਮ੍ਰਿਤ ਫਲ ਵਜੋਂ ਸੱਦਦੇ ਹਨ। ਆਯੁਰਵੇਦ ਪ੍ਰਣਾਲੀ ਵਿਚ ਔਲੇ ਨੂੰ ਅਹਿਮ ਸਥਾਨ ਮਿਲਿਆ ਹੈ। ਇਕ ਪੁਰਾਤਨ ਕਹਾਵਤ ਇਹ ਵੀ ਹੈ 'ਹਰੜ ਬਹੇੜਾ ਆਂਵਲਾ ਤਿੰਨੇ ਘਰ ਦੇ ਵੈਦ।' ਇਨ੍ਹਾਂ ਤਿੰਨਾਂ ਦੇ ਮਿਸ਼ਰਣ ਤੋਂ ਬਣਿਆ ਤ੍ਰਿਫਲਾ ਵਿਸ਼ਵ ਦੇ ਹਰ ਕੋਨੇ ਵਿਚ ਪ੍ਰਸਿੱਧ ਹੈ।

ਪਹਿਲਾਂ ਪਹਿਲ ਔਲੇ ਦੇ ਰੁੱਖ ਜੰਗਲੀ ਰੂਪ ਵਿਚ ਉੱਗੇ ਮਿਲਦੇ ਸਨ ਜਿਸ ਦਾ ਫਲ ਛੋਟਾ ਹੁੰਦਾ ਸੀ। ਸਮੇਂ ਦੇ ਚੱਲਦਿਆਂ ਤੇ ਸਾਇੰਸ ਦੀ ਤਰੱਕੀ ਨਾਲ ਹੁਣ ਔਲਾ ਵੱਡੇ ਆਕਾਰ ਦਾ ਕਈ ਵਿਧੀਆਂ ਨਾਲ ਤਿਆਰ ਪੌਦਿਆਂ ਤੋਂ ਪ੍ਰਾਪਤ ਕੀਤਾ ਜਾਂਦਾ ਹੈ। ਔਲਾ ਜਿਸ ਨੂੰ ਕੁਝ ਲੋਕ ਆਂਵਲੇ ਦੇ ਨਾਂ ਨਾਲ ਵੀ ਸੱਦਦੇ ਹਨ, ਦਾ ਲਗਭਗ ਹਰ ਹਿੱਸਾ, ਭਾਵ ਸੱਕ, ਪੱਤੇ ਫੁੱਲ, ਫਲ, ਬੀਜ ਮਨੁੱਖ ਲਈ ਗੁਣਕਾਰੀ ਹੁੰਦੇ ਹਨ। ਇਸ ਦਾ ਤਣਾਂ ਅਨੇਕਾਂ ਰੁੱਖਾਂ ਤੋਂ ਦਿੱਖ ਵਿਚ ਵੱਖਰਾ ਚਿਤਰ ਮਿੱਤਰ ਜਿਹਾ ਹੁੰਦਾ ਹੈ। ਇਸ ਰੁੱਖ ਦੇ ਪੱਤੇ ਇਮਲੀ ਵਾਂਗ ਖੰਭ ਨੁਮਾ, ਫਰਨ ਜਿਹੇ ਹੁੰਦੇ ਹਨ ਅਤੇ ਇਸ ਨੂੰ ਪੱਤਝੜੀ ਰੁੱਖ ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ। ਇਸ ਦੇ ਫੁੱਲ ਹਮੇਸ਼ਾਂ ਟਾਹਣੀ ਦੇ ਹੇਠਲੇ ਪਾਸੇ ਲੱਗਦੇ ਹਨ



ਜੋ ਆਮ ਤੌਰ 'ਤੇ ਮਾਰਚ-ਅਪਰੈਲ ਮਹੀਨੇ ਵਿਖਾਈ ਦਿੰਦੇ ਹਨ। ਇਹੀ ਫੁੱਲ ਸਮਾਂ ਪਾ ਕੇ ਤਕਰੀਬਨ ਅਕਤੂਬਰ-ਨਵੰਬਰ ਮਹੀਨੇ ਤੋਂ ਰੁੱਖ ਉੱਪਰ ਵਿਖਾਈ ਦੇਣ ਲੱਗਦੇ ਹਨ ਅਤੇ ਢੁੱਕਵਾਂ ਸਮਾਂ ਆਉਣ 'ਤੇ ਤੋੜ ਲਏ ਜਾਂਦੇ ਹਨ। ਫਲ ਨੂੰ ਜੇਕਰ ਧਿਆਨ ਨਾਲ ਵੇਖਿਆ ਜਾਵੇ ਤਾਂ ਉਸ ਉੱਪਰ ਸਾਨੂੰ ਛੇ ਧਾਰੀਆਂ ਵਿਖਾਈ ਦਿੰਦੀਆਂ ਹਨ ਜੋ ਫਾੜੀਆਂ ਬਣ ਅਲੱਗ ਅਲੱਗ ਹੋ ਜਾਂਦੀਆਂ ਹਨ। ਛੇ ਦਾ ਅੰਕੜਾ ਇਸ ਫਲ ਲਈ ਬਹੁਤ ਵਿਸ਼ੇਸ਼ ਹੁੰਦਾ ਹੈ ਕਿਉਂਕਿ ਫਲ ਅੰਦਰਲੀ ਗਿਟਕ ਵੀ ਛੇ ਕੋਨੀ ਹੁੰਦੀ ਹੈ ਅਤੇ ਜੇਕਰ ਉਸ ਨੂੰ ਤੋੜ ਕੇ ਬੀਜ ਕੱਢਦੇ ਹਾਂ ਤਾਂ ਬੀਜਾਂ ਦੀ ਗਿਣਤੀ ਵੀ ਛੇ ਹੀ ਹੁੰਦੀ ਹੈ।

ਔਲੇ ਦੇ ਫਲ ਅਤੇ ਸੱਕ ਵਿੱਚੋਂ ਰੰਗ ਪ੍ਰਾਪਤੀ ਵੀ ਹੁੰਦੀ ਹੈ ਜਿਸ ਨੂੰ ਪੁਰਾਣੇ ਵੇਲਿਆਂ ਵਿਚ ਸਿਆਹੀ ਅਤੇ ਚਮੜੇ ਦੀ ਰੰਗਾਈ ਲਈ ਵਰਤਿਆ ਜਾਂਦਾ ਰਿਹਾ ਹੈ। ਪੰਜਾਬ ਵਿਚਲੀਆਂ ਸ਼ਿਵਾਲਿਕ ਦੀਆਂ ਪਹਾੜੀਆਂ/ਕੰਢੀ ਦੇ ਇਲਾਕੇ ਵਿਚ ਔਲੇ ਦੇ ਰੁੱਖ ਖੂਬ ਵੇਖਣ ਨੂੰ ਮਿਲਦੇ ਹਨ। ਇਹ ਰੁੱਖ ਘੱਟ ਉਪਜਾਊ ਅਤੇ ਖਾਰੀਆਂ ਜ਼ਮੀਨਾਂ ਵਿਚ ਵੀ ਬਾਖੂਬੀ ਉਗਾਇਆ ਜਾ ਸਕਦਾ ਹੈ। ਔਲੇ ਦੀ ਲੱਕੜ ਪਾਣੀ ਵਿੱਚ ਛੇਤੀ ਖਰਾਬ ਨਹੀਂ ਹੁੰਦੀ। ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਵਾਲੇ ਕੁਝ ਤੱਤ ਜਿਵੇਂ ਕਿ ਲੈੱਡ, ਨਿੱਕਲ, ਐਲੂਮੀਨੀਅਮ ਦੇ ਹਾਨੀਕਾਰਕ ਪ੍ਰਭਾਵਾਂ ਨੂੰ ਘੱਟ ਕਰਨ ਵਿੱਚ ਵੀ ਔਲਾ ਸਹਾਈ ਹੁੰਦਾ ਹੈ।

ਔਲੇ ਤੋਂ ਪ੍ਰਾਪਤ ਹੋਣ ਵਾਲੇ ਅਨੇਕਾਂ ਉਤਪਾਦਾਂ ਜਿਵੇਂ ਕਿ ਮੁਰੱਬਾ, ਆਚਾਰ, ਤੇਲ, ਚਟਣੀ, ਕੈਂਡੀ, ਤਾਜ਼ੇ ਫਲਾਂ ਦਾ ਜੂਸ, ਸ਼ਰਬਤ, ਪਾਊਡਰ ਆਦਿ ਅਨੇਕਾਂ ਮਨੁੱਖੀ ਬਿਮਾਰੀਆਂ ਦੇ ਇਲਾਜ ਲਈ ਵਰਤੇ ਜਾਂਦੇ ਹਨ। ਵਿਟਾਮਿਨ 'ਸੀ' ਇਸ ਫਲ ਵਿਚ ਭਰਪੂਰ ਪਾਇਆ ਜਾਂਦਾ ਹੈ ਅਤੇ ਐਂਟੀਆਕਸੀਡੈਂਟ ਹੋਣ ਸਦਕਾ ਮਨੁੱਖ ਨੂੰ ਨਿਰੋਗ ਅਤੇ ਜਵਾਨ ਰੱਖਣ ਵਿਚ ਸਹਾਈ ਹੁੰਦਾ ਹੈ। ਇਸ ਮਨੁੱਖ ਦੇ ਦੋ ਅਹਿਮ ਅੰਗਾਂ ਦਿਮਾਗ ਅਤੇ ਦਿਲ ਨੂੰ ਮਜ਼ਬੂਤ ਅਤੇ ਸ਼ਕਤੀ ਪ੍ਰਦਾਨ ਕਰਦਾ ਹੈ। ਔਲਾ ਮਨੁੱਖੀ ਸਰੀਰ ਵਿਚ ਲਾਲ ਰਕਤਾਣੂਆਂ ਦੀ ਗਿਣਤੀ ਵਧਾਉਣ ਅਤੇ ਕਲੈਸਟਰੋਲ ਘਟਾਉਣ ਵਿਚ ਮਦਦਗਾਰ ਸਾਬਤ ਹੁੰਦਾ ਹੈ। ਔਲੇ ਦੇ ਫਲ ਅਤੇ ਬਾਕੀ ਭਾਗ ਅਨੇਕਾਂ ਮਨੁੱਖੀ ਰੋਗ ਜਿਵੇਂ ਕਿ ਕੈਂਸਰ, ਜਿਗਰ ਦੇ ਰੋਗ, ਅੱਖਾਂ, ਪੀਲੀਆ, ਬਦਹਜ਼ਮੀ, ਸ਼ੂਗਰ, ਚਮੜੀ ਰੋਗ, ਫੇਫੜੇ, ਪਾਚਣ ਪ੍ਰਣਾਲੀ, ਮੂਤਰ ਰੋਗ, ਬਵਾਸੀਰ, ਖੁਰਕ, ਗਠੀਆ ਅਤੇ ਵਿਸ਼ੇਸ਼ ਕਰਕੇ ਵਾਲਾਂ ਦੇ ਝੜਨ ਜਾਂ ਸਫੇਦ ਹੋਣ ਆਦਿ ਦੇ ਇਲਾਜ ਲਈ ਵਰਤੇ ਜਾਂਦੇ ਹਨ। ਸਾਡੀ ਸਮੱਸਿਆ ਇਹ ਹੈ ਕਿ ਅਸੀਂ ਔਲੇ ਦੇ ਗੁਣਾਂ ਦੀਆਂ ਗੱਲਾਂ ਤਾਂ ਬਹੁਤ ਕਰਦੇ ਹਾਂ, ਪਰ ਆਪਣੀ ਖੁਰਾਕ ਦਾ ਹਿੱਸਾ ਨਹੀਂ ਬਣਾਉਂਦੇ।

ਡਾ. ਬਲਵਿੰਦਰ ਸਿੰਘ ਲੱਖੇਵਾਲੀ
ਸੰਪਰਕ : 98142-39041

ਡਾ. ਸਵਰਨ ਸਿੰਘ ਮਾਨ,
ਸਾਬਕਾ ਡਿਪਟੀ ਡਾਇਰੈਕਟਰ ਬਾਗਬਾਨੀ,
ਪਟਿਆਲਾ । ਮੋ : 75080-18903



# ਸ਼ਹਿਦ ਦੀਆਂ ਮੱਖੀਆਂ ਪਾਲਣ ਦਾ ਕਿੱਤਾ ਅਪਣਾਓ ਰੋਜ਼ਗਾਰ ਪਾਓ ਅਤੇ ਸਿਹਤਮੰਦ ਰਹੋ

ਸ਼ਹਿਦ ਦੀਆਂ ਮੱਖੀਆਂ ਪਾਲਣ ਦਾ ਕਿੱਤਾ ਵੀ ਬਹੁਤ ਵਧੀਆ ਰੋਜ਼ਗਾਰ ਦਾ ਸਾਧਨ ਹੈ । ਇਹ ਕਿੱਤਾ ਕੋਈ ਵੀ ਬੇਰੁਜ਼ਗਾਰ ਲੜਕੇ ਅਤੇ ਲੜਕੀਆਂ ਅਪਣਾ ਸਕਦੇ ਹਨ । ਇਸ ਕਿੱਤੇ ਨੂੰ ਉਤਸ਼ਾਹਿਤ ਕਰਨ ਲਈ ਬਾਗਬਾਨੀ ਵਿਭਾਗ ਪੰਜਾਬ ਅਹਿਮ ਰੋਲ ਅਦਾ ਕਰ ਰਿਹਾ ਹੈ । ਬਾਗਬਾਨੀ ਵਿਭਾਗ ਦੇ ਬਾਗਬਾਨੀ ਵਿਕਾਸ ਅਫਸਰ ਦੇ ਦਫਤਰ ਬਲਾਕ ਪੱਧਰ ਅਤੇ ਸਹਾਇਕ ਡਾਇਰੈਕਟਰ / ਉਪ ਡਾਇਰੈਕਟਰ ਬਾਗਬਾਨੀ ਦੇ ਦਫਤਰ ਜ਼ਿਲ੍ਹਾ ਪੱਧਰ ਤੇ ਬਣੇ ਹੋਏ ਹਨ । ਇਨ੍ਹਾਂ ਦਫਤਰਾਂ ਵਿਚੋਂ ਮੁੱਢਲੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ । ਬਾਗਬਾਨੀ ਵਿਭਾਗ ਪੰਜਾਬ ਕੌਮੀ ਬਾਗਬਾਨੀ ਮਿਸ਼ਨ ਅਧੀਨ 50 ਬਕਸਿਆਂ ਲਈ 40% ਸਬਸਿਡੀ (80,000/- ਰੁਪਏ ਪ੍ਰਤੀ ਲਾਭਪਾਤਰੀ) ਮੁਹੱਈਆ ਕਰਦਾ ਹੈ । ਵਪਾਰਕ ਪੱਧਰ ਤੇ ਪ੍ਰੋਸੈਸਿੰਗ ਯੂਨਿਟ ਲਾਉਣ ਲਈ ਵੀ ਬਾਗਬਾਨੀ ਵਿਭਾਗ ਪੰਜਾਬ ਵਲੋਂ ਨੈਸ਼ਨਲ ਹਨੀ ਬੀ ਮਿਸ਼ਨ ਅਧੀਨ 50 ਤੋਂ 75% ਸਬਸਿਡੀ ਦਿੱਤੀ ਜਾਂਦੀ ਹੈ ।

ਇਸ ਕਿੱਤੇ ਵਿਚ ਤਕਨੀਕੀ ਤੌਰ ਤੇ ਮਦਦ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਧੀਨ ਬਣੇ ਕ੍ਰਿਸ਼ੀ ਵਿਗਿਆਨ ਕੇਂਦਰ (ਕੇ. ਵੀ. ਕੇ.) ਵੀ ਅਹਿਮ ਰੋਲ ਅਦਾ ਕਰ ਰਹੇ ਹਨ । ਇਨ੍ਹਾਂ ਜ਼ਿਲ੍ਹੇ ਪੱਧਰ ਤੇ ਬਣੇ ਕੇ. ਵੀ. ਕੇ. ਵਿਚ 5 ਦਿਨਾਂ ਦੀ ਸ਼ਹਿਦ ਦੀਆਂ ਮੱਖੀਆਂ ਪਾਲਣ ਸਬੰਧੀ ਟਰੇਨਿੰਗ ਦਿੱਤੀ ਜਾਂਦੀ ਹੈ । ਟਰੇਨਿੰਗ ਪ੍ਰਾਪਤ ਕਰਨ ਉਪਰੰਤ ਪ੍ਰਾਪਤ ਹੋਣ ਵਾਲੇ ਸਰਟੀਫਿਕੇਟ ਦੇ ਆਧਾਰ ਤੇ ਬਾਗਬਾਨੀ ਵਿਭਾਗ ਵਲੋਂ ਉਪਦਾਨ ਦਿੱਤਾ ਜਾਂਦਾ ਹੈ ।

ਜਿੱਥੇ ਸ਼ਹਿਦ ਦੀਆਂ ਮੱਖੀਆਂ ਪਾਲਣ ਦਾ ਕਿੱਤਾ ਬੇਰੁਜ਼ਗਾਰ ਵਿਅਕਤੀਆਂ ਨੂੰ ਰੁਜ਼ਗਾਰ ਦਿੰਦਾ ਹੈ ਅਤੇ ਆਰਥਿਕ ਸਥਿਤੀ ਮਜ਼ਬੂਤ ਕਰਦਾ ਹੈ ਉੱਥੇ ਖੇਤਾਂ ਵਿਚ ਖੜ੍ਹੀਆਂ ਹਰ ਤਰ੍ਹਾਂ ਦੀਆਂ ਫਸਲਾਂ (ਫਲ, ਸਬਜ਼ੀਆਂ, ਫੁੱਲ ਆਦਿ) ਦੇ ਉਤਪਾਦਨ ਵਿਚ ਵਾਧਾ ਕਰਦਾ ਹੈ । ਕਿਉਂਕਿ ਇਹ ਮੱਖੀਆਂ ਪਰ ਪ੍ਰਾਗਣ ਵਿਚ ਬਹੁਤ ਮਦਦ ਕਰਦੀਆਂ ਹਨ । ਵਿਗਿਆਨੀਆਂ ਅਨੁਸਾਰ ਇਸ ਨਾਲ 15-20% ਪੈਦਾਵਾਰ ਵਿਚ ਵਾਧਾ ਹੁੰਦਾ ਹੈ । ਸ਼ਹਿਦ ਦੀਆਂ ਮੱਖੀਆਂ ਸਾਨੂੰ ਸ਼ਹਿਦ ਤੋਂ ਇਲਾਵਾ ਕੋਲਨ, ਮੋਮ, ਰਾਇਲ ਜੈਲੀ, ਪ੍ਰੋਪਲਿਸ ਆਦਿ ਵੀ ਦਿੰਦੀਆਂ ਹਨ । ਸ਼ਹਿਦ ਦੀਆਂ ਮੱਖੀਆਂ ਹਨੀ ਬੀ ਥੈਰੇਪੀ ਲਈ ਵੀ ਵਰਤੀਆਂ ਜਾਂਦੀਆਂ ਹਨ, ਜਿਸ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਇਲਾਜ ਕੀਤਾ ਜਾਂਦਾ ਹੈ । ਹਨੀ ਬੀ ਕੋਲਨ ਖਿਡਾਰੀਆ ਲਈ ਬਹੁਤ ਫਾਇਦੇਮੰਦ ਹੈ, ਕੀਮੋਥੈਰੇਪੀ ਦੇ ਅਸਰ ਨੂੰ ਵੀ ਘਟਾਉਂਦਾ ਹੈ, ਐਲਰਜੀ ਤੋਂ ਰਾਹਤ ਮਿਲਦੀ ਹੈ ਅਤੇ ਅਸਥਮਾ ਰੋਗੀਆਂ ਲਈ ਵੀ ਲਾਭਦਾਇਕ ਹੈ ।



ਹਰੇਕ ਕਿਸਾਨ ਆਪਣੇ ਖੇਤਾਂ ਵਿਚ ਮੱਖੀਆਂ ਦੇ ਬਕਸੇ ਰੱਖ ਸਕਦਾ ਹੈ । ਪਰ ਮੱਖੀਆਂ ਤੋਂ ਲਾਭ ਪ੍ਰਾਪਤ ਕਰਨ ਲਈ ਕਿਸਾਨਾਂ ਨੂੰ ਆਪਣੇ ਖੇਤਾਂ ਵਿਚ ਸਪਰੇਅ ਸਾਵਧਾਨੀ ਨਾਲ ਕਰਨੀ ਪਵੇਗੀ ਅਤੇ ਆਪਣੇ ਖੇਤਾਂ ਵਿਚ ਅੱਗ ਨਹੀਂ ਲਗਾਵੇਗਾ, ਨਹੀਂ ਤਾਂ ਮੱਖੀਆਂ ਮਰ ਜਾਣਗੀਆਂ । ਹੁਣ ਤਾਂ ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਪ੍ਰਾਈਵੇਟ ਸੰਸਥਾਵਾਂ ਵੀ ਆਰਗੈਨਿਕ ਖੇਤੀ ਕਰਨ ਨੂੰ ਉਤਸ਼ਾਹਿਤ ਕਰ ਰਹੀਆਂ ਹਨ । ਆਰਗੈਨਿਕ ਖੇਤੀ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਲੋਂ ਟਰੇਨਿੰਗ ਵੀ ਦਿੱਤੀ ਜਾਂਦੀ ਹੈ ਅਤੇ ਆਰਗੈਨਿਕ ਖੇਤੀ ਪਦਾਰਥਾਂ ਨੂੰ ਮਾਨਤਾ ਸਰਟੀਫਿਕੇਟ ਜਾਰੀ ਕਰਨ ਲਈ ਪੰਜਾਬ ਐਗਰੋ ਇੰਡਸਟਰੀ ਕਾਰਪੋਰੇਸ਼ਨ, ਚੰਡੀਗੜ੍ਹ ਨੂੰ ਨਿਰਧਾਰਿਤ ਕੀਤਾ ਗਿਆ ਹੈ । ਆਰਗੈਨਿਕ ਖੇਤੀ ਪਦਾਰਥਾਂ ਨੂੰ ਵੇਚਣ ਲਈ ਬਾਗਬਾਨੀ ਅਤੇ ਖੇਤੀਬਾੜੀ ਵਿਭਾਗ ਪੰਜਾਬ ਵੱਲੋਂ ਜ਼ਿਲ੍ਹਾ ਪੱਧਰ 'ਤੇ ਕੁਝ ਥਾਵਾਂ ਅਲਾਟ ਕੀਤੀਆਂ ਗਈਆਂ ਹਨ । ਚੰਡੀਗੜ੍ਹ ਪ੍ਰਸ਼ਾਸਨ ਵਲੋਂ ਸੈਕਟਰ 6 ਵਿਚ ਸੁਖਨਾ ਝੀਲ ਦੇ ਨੇੜੇ ਆਰਗੈਨਿਕ ਵਸਤਾਂ ਵੇਚਣ ਲਈ ਇਜਾਜ਼ਤ ਦਿੱਤੀ ਹੋਈ ਹੈ ।

ਸ਼ਹਿਦ ਕੁਦਰਤ ਵਲੋਂ ਬਖਸ਼ਿਆ ਇਕ ਅਨਮੋਲ ਤੋਹਫਾ ਹੈ । ਵਿਗਿਆਨੀਆਂ ਅਨੁਸਾਰ ਸ਼ਹਿਦ ਵਿਚ 20% ਪਾਣੀ ਹੁੰਦਾ ਹੈ ਅਤੇ 79% ਖੰਡ ਹੁੰਦੀ ਹੈ । ਸ਼ਹਿਦ ਵਿਚ ਗੁਲੂਕੋਜ਼ 25.27%, ਫਰਕਟੋਜ਼ 34.33%, ਸੁਕਰੋਜ਼ 0.5.3% ਅਤੇ ਮਾਲਟੋਸ 5.12% ਹੁੰਦੇ ਹਨ । 100 ਗਰਾਮ ਸ਼ਹਿਦ ਵਿਚੋਂ ਅਸੀਂ 0.3 ਗ੍ਰਾਮ ਪ੍ਰੋਟੀਨ, 0.2 ਗ੍ਰਾਮ ਖਣਿਜ ਪਦਾਰਥ, 79.5 ਗ੍ਰਾਮ ਕਾਰਬੋਹਾਈਡ੍ਰੇਟ, 5 ਗ੍ਰਾਮ ਕੈਲਸ਼ੀਅਮ, 15 ਮਿਲੀਗ੍ਰਾਮ ਫਾਸਫੋਰਸ, 0.696 ਮਿਲੀਗ੍ਰਾਮ ਲੋਹਾ ਅਤੇ 319 ਕੈਲੋਰੀ ਊਰਜਾ ਪ੍ਰਾਪਤ ਕਰ ਸਕਦੇ ਹਾਂ । ਸ਼ਹਿਦ ਵਿਚ ਐਂਟੀਆਕਸੀਡੈਂਟ ਵੀ ਹੁੰਦੇ ਹਨ, ਜਿਹੜੇ ਸਰੀਰ ਨੂੰ ਕਈ ਬਿਮਾਰੀਆਂ ਤੋਂ ਬਚਾਉਂਦੇ ਹਨ ।

**ਸ਼ਹਿਦ ਪ੍ਰਾਪਤੀ ਦੇ ਸਰੋਤ** :

1. ਪੰਜਾਬ ਦੀਆਂ ਮੁੱਖ ਫਸਲਾਂ : ਤੋਰੀਆ, ਰਾਇਆ, ਸੂਰਜਮੁਖੀ, ਬਾਈਮ, ਕੱਦੂ ਜਾਤੀ, ਮੱਕੀ, ਬਾਜਰਾ, ਆਦਿ ਹਨ ।

2. ਪੰਜਾਬ ਦੇ ਮੁੱਖ ਦਰੱਖਤ : ਨਿੰਬੂ ਜਾਤੀ ਆੜੂ, ਨਾਖ, ਲੀਚੀ, ਅਮਰੂਦ , ਬੇਰ, ਸਫੈਦਾ, ਟਾਹਲੀ, ਕੜੀ ਪੱਤਾ, ਕਿੱਕਰ, ਧਰੇਕ, ਸੁਹੰਜਣਾਂ, ਨਿੰਮ ਫਲਾਹੀ, ਖੈਰ, ਕਚਨਾਰ, ਸਰੀਂਹ, ਅਮਲਤਾਸ, ਜਾਮਣ ਅਰਜੁਨ ਆਦਿ ਬਹੁਤ ਵਧੀਆ ਸ਼ਹਿਦ ਪ੍ਰਾਪਤੀ ਦੇ ਸਰੋਤ ਹਨ ।

3. ਪੰਜਾਬ ਦੇ ਕੁਝ ਸਜਾਵਟੀ ਬੂਟੇ : ਟੀਕੋਮਾ, ਪੀਲੀ ਕਨੇਰ, ਬੁਢੇਲੀਆ, ਝੁਮਕਾ ਵੇਲ, ਰੁਕ ਮੰਜਨੀ, ਗਮੇਲੀਆ, ਪੈਰਾਇਕਸਿਟੀਆ, ਕਲਵਰਸ਼ੀਅਮ, ਰੇਲਵੇ ਕਰੀਪਰ, ਗਰੇਪ ਫਲਾਵਰ ਵੇਲ ਆਦਿ ।

ਜਿਸ ਸਮੇਂ ਪੰਜਾਬ ਵਿਚ ਫੁੱਲਾਂ ਦੀ ਘਾਟ ਹੋ ਜਾਂਦੀ ਹੈ ਜਾਂ ਅੱਗਾਂ ਲੱਗਣ ਅਤੇ ਵਾਤਾਵਰਣ ਪ੍ਰਦੂਸ਼ਤ ਹੋ ਜਾਂਦਾ ਹੈ ਤਾਂ ਪੰਜਾਬ ਦੇ ਬੀ ਕੀਪਰ ਅਲੱਗ ਅਲੱਗ ਥਾਵਾਂ ਤੇ ਸ਼ਹਿਦ ਦੀਆਂ ਮੱਖੀਆਂ ਦੀ ਮਾਈਗਰੇਸ਼ਨ ਕਰਦੇ ਹਨ ਜਿਵੇਂ :

1. ਜੂਨ-ਜੁਲਾਈ-ਅਗਸਤ ਮਹੀਨੇ ਖੈਰ ਦਾ ਸ਼ਹਿਦ ਪ੍ਰਾਪਤ ਕਰਨ ਲਈ ਮੱਖੀਆਂ ਦੇ ਬਕਸੇ ਪੰਜਾਬ ਦੇ ਕੰਡੀ ਇਲਾਕੇ, ਹਿਮਾਚਲ ਦੇ ਨਾਲਾਗੜ, ਪੱਦੀ, ਪੰਡੋਹ ਅਤੇ ਹਰਿਆਣਾ ਦੇ ਮੋਹਰੀ ਇਲਾਕੇ ਵਿਚ ਲਿਜਾਏ ਜਾਂਦੇ ਹਨ ।

2. ਜੁਲਾਈ ਅਗਸਤ ਮਹੀਨੇ ਹੀ ਬਾਜਰੇ ਦਾ ਸ਼ਹਿਦ ਪ੍ਰਾਪਤ ਕਰਨ ਲਈ ਹਰਿਆਣੇ ਦੇ ਚਰਖੀ ਦਾਦਰੀ, ਰਿਵਾੜੀ ਅਤੇ ਰਾਜਸਥਾਨ ਦੇ ਭਰਤਪੁਰ ਇਲਾਕਿਆਂ ਵਿਚ ਸ਼ਹਿਦ ਮੱਖੀਆਂ ਦੇ ਬਕਸੇ ਲਿਜਾਏ ਜਾਂਦੇ ਹਨ ।

3. ਸਤੰਬਰ-ਅਕਤੂਬਰ ਮਹੀਨੇ ਬੇਰੀਆਂ ਦਾ ਸ਼ਹਿਦ ਪ੍ਰਾਪਤ ਕਰਨ ਲਈ ਰਾਜਸਥਾਨ ਦੇ ਬਾਂਦਰਾ, ਹਨੂਮਾਨਗੜ੍ਹ, ਬੰਗਰੀਆਂ ਆਦਿ ਬਕਸੇ ਲਿਜਾਏ ਜਾਂਦੇ ਹਨ ।

4. ਨਵੰਬਰ ਮਹੀਨੇ ਤੋਰੀਆ ਦਾ ਸ਼ਹਿਦ ਪ੍ਰਾਪਤ ਕਰਨ ਲਈ ਹਰਿਆਣਾ ਦੇ ਅੰਬਾਲਾ, ਸ਼ਾਹਬਾਦ ਬਕਸੇ ਮਾਈਗਰੇਟ ਕੀਤੇ ਜਾਂਦੇ ਹਨ ।

5. ਫਰਵਰੀ ਮਹੀਨੇ ਤੋਰੀਆ ਦਾ ਸ਼ਹਿਦ ਪ੍ਰਾਪਤ ਕਰਨ ਲਈ ਹਰਿਆਣਾ ਦੇ ਬਰਵਾਲਾ, ਹਿਸਾਰ ਅਤੇ ਰਾਜਸਥਾਨ ਦੇ ਸਾਹਜਹਾਨ ਪੁਰ ਅਤੇ ਬੀਬੀਰਾਣੀ ਲਾਗੇ ਲਿਜਾਏ ਜਾਂਦੇ ਹਨ ।

**ਸ਼ਹਿਦ ਖਾਣ ਦੇ ਹੇਠ ਲਿਖੇ ਫਾਇਦੇ ਪ੍ਰਾਪਤ ਕੀਤੇ ਜਾ ਸਕਦੇ ਹਨ :**

1. ਤੁਰੰਤ ਊਰਜਾ ਜਾਂ ਸ਼ਕਤੀ ਜਾਂ ਸ਼ਕਤੀ ਲੈਣ ਲਈ ਸ਼ਹਿਦ ਨੂੰ ਵਰਤਿਆ ਜਾ ਸਕਦਾ ਹੈ ।

2. ਸ਼ਹਿਦ ਜ਼ਖਮਾਂ ਨੂੰ ਠੀਕ ਕਰਨ ਵਿਚ ਮਦਦ ਕਰਦਾ ਹੈ ।

3. ਸ਼ਹਿਦ ਲੈਣ ਨਾਲ ਰਾਤ ਨੂੰ ਗੂੜੀ ਨੀਂਦ ਆਉਂਦੀ ਹੈ ।

4. ਸ਼ਹਿਦ ਨਾਲ ਚਮੜੀ ਦੇ ਰੋਗ ਦੂਰ ਹੁੰਦੇ ਹਨ ਅਤੇ ਚਮੜੀ ਮੁਲਾਇਮ ਅਤੇ ਜਵਾਨ ਰਹਿੰਦੀ ਹੈ ।

5. ਸ਼ਹਿਦ ਅੱਖਾਂ ਦੀ ਸਿਹਤ ਲਈ ਲਾਭਦਾਇਕ ਹੈ ।

6. ਸ਼ਹਿਦ ਖੂਨ ਦੇ ਚਿੱਟੇ ਕਣਾਂ ਨੂੰ ਮਜ਼ਬੂਤ



ਰੱਖਦਾ ਹੈ ਅਤੇ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਵੱਧਦੀ ਹੈ ।

7. ਸ਼ਹਿਦ ਅਸਥਮਾ, ਖਾਸੀਂ, ਜੁਕਾਮ, ਦਿਲ ਤੇ ਪੇਟ ਦੀਆਂ ਬਿਮਾਰੀਆ ਲਈ ਵੀ ਲਾਹੇਵੰਦ ਹੈ ।

8. ਇਕ ਚਮਚ ਸ਼ਹਿਦ, ਅੱਧਾ ਨਿੰਬੂ ਦਾ ਰਸ, ਇਕ ਗਲਾਸ ਕੋਸੇ ਪਾਣੀ ਨਾਲ ਰਲਾ ਕੇ ਸਵੇਰੇ ਨਿਰਣੇ ਕਾਲਜੇ ਲੈਣ ਨਾਲ ਮੋਟਾਪਾ, ਕਬਜ ਅਤੇ ਤੇਜ਼ਾਬੀ ਪਣ ਦੂਰ ਹੁੰਦਾ ਹੈ ।

9. ਇਕ ਚਮਚ ਸ਼ਹਿਦ ਅਤੇ ਅੱਧਾ ਚਮਚ ਲਸਣ ਦਾ ਰਸ ਲਗਾਤਾਰ ਲੈਣ ਨਾਲ ਹਾਈ ਬਲੱਡ ਪ੍ਰੈਸ਼ਰ ਠੀਕ ਹੁੰਦਾ ਹੈ ।

10. ਲੰਬੀ ਅਤੇ ਤੰਦਰੁਸਤ ਜ਼ਿੰਦਗੀ ਜਿਊਣ ਲਈ ਰੋਜ਼ਾਨਾ ਇਕ ਚਮਚ ਸ਼ਹਿਦ ਖਾਣਾ ਬਹੁਤ ਲਾਭਦਾਇਕ ਹੈ ।

**ਸ਼ਹਿਦ ਖਾਣ ਸਮੇਂ ਸਾਵਧਾਨੀਆਂ** :

1. ਸ਼ਹਿਦ ਨੂੰ ਕਦੇ ਵੀ ਗਰਮ ਨਾ ਕਰੋ ।

2. ਸ਼ਹਿਦ ਨੂੰ ਗਰਮ ਮਸਾਲੇਦਾਰ ਭੋਜਨ ਅਤੇ ਵਿਸਕੀ, ਰੰਮ, ਬਰਾਂਡੀ ਨਾਲ ਨਹੀਂ ਰਲਾਉਣਾ ਚਾਹੀਦਾ ਹੈ ।

ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਬਾਗਬਾਨੀ ਵਿਭਾਗ ਪੰਜਾਬ ਦੇ ਬਾਗਬਾਨੀ ਵਿਭਾਗ ਪੰਜਾਬ ਦੇ ਬਾਗਬਾਨੀ ਵਿਕਾਸ ਅਫਸਰਾਂ/ਉਪ-ਡਾਇਰੈਕਟਰ ਬਾਗਬਾਨੀ ਨਾਲ ਸੰਪਰਕ ਕਰ ਸਕਦੇ ਹੋ ।



# ਪੰਚਾਇਤੀ ਚੋਣਾਂ ਵਿਚ ਪਿੰਡ ਪੱਧਰੀ ਕਿਸਾਨ ਜਥੇਬੰਦੀਆਂ ਕਿੱਥੇ ਕੁ ਖੜ੍ਹੀਆਂ ਦਿੱਸੀਆਂ?

**ਦੋਸਤੋ ਪਿੰਡ ਦੇ ਮੋਹਤਬਰ ਬਣਨਾ ਜਾਂ ਸਰਪੰਚੀ ਕਰਨੀ ਇਕ ਸੇਵਾ ਦਾ ਨਾਮ ਹੈ ਜੋ ਪਿੰਡਾਂ ਦੇ ਲੋਕਾਂ ਦੀ ਰਜ਼ਾਮੰਦੀ ਤੇ ਸਮਝਦਾਰੀ ਸਦਕਾ ਉਹਨਾਂ ਦੀ ਆਪਣੀ ਦਿੱਖ ਮੁਤਾਬਿਕ ਇਕ ਚੰਗੇ ਸੁੱਲਝੇ ਕਿਰਦਾਰ, ਪਿੰਡ ਦੇ ਮਸਲਿਆਂ ਬਾਰੇ ਆਵਾਜ਼ ਉਠਾਉਣ ਵਾਲੇ ਜਾਗਰੂਕ ਇਨਸਾਨ ਤੇ ਜ਼ਿੰਮੇਵਾਰ ਵਿਹਾਰ ਵਾਲੇ ਬੰਦੇ ਦੀ ਜ਼ਿੰਦਗੀ ਵਿਚ ਅਹਿਮ ਪ੍ਰਾਪਤੀ ਦੇਖ ਕੇ ਪਿੰਡ ਦੇ ਲੋਕ ਉਸਨੂੰ ਉਚਿਤ ਉਮੀਦਵਾਰ ਸਮਝ ਦੇ ਪਿੰਡ ਦੇ ਚੰਗੇਰੇ ਭਵਿੱਖ ਦੀ ਆਸ ਲਈ ਉਸਨੂੰ ਵੋਟ ਪਾਉਂਦੇ ਹਨ। ਹਾਲਾਂਕਿ ਕੁੱਝ ਪਿੰਡਾਂ ਦੇ ਲੋਕਾਂ ਵੱਲੋਂ ਏਸ ਨੂੰ ਸਮਝਦਾਰੀ ਜਾਂ ਸੇਵਾ ਭਾਵਨਾ ਨਾਲੋਂ ਸਿਆਸੀ ਬੈਹਕ ਵਾਲਾ ਜਾਂ ਮੁੱਛ ਦੀ ਠਾਠ ਵਾਲਾਂ ਵਰਤਾਰਾ ਸਮਝ ਲਿਆ ਜਾਂਦਾ ਹੈ। ਜੋ ਅੱਗੇ ਚੱਲ ਕੇ ਨਵੇਂ ਪੜੇ ਲਿਖ ਸਾਫ ਸੁਥਰੇ ਕਿਰਵਾਰ ਨੂੰ ਅੱਗੇ ਨਾ ਲਿਆ ਕੇ ਮੁੜ ਲੜਾਈ ਦਾ ਸਬੱਬ ਬਣਦਾ ਜ਼ਰੂਰ ਨਜ਼ਰ ਆਉਂਦਾ ਹੈ। ਜਿੱਥੇ ਨਵੇਂ ਪੁਰਾਣੇ ਹੋਰ ਧੜਿਆਂ ਦੇ ਵਿਕਾਸ ਦਾ ਵਿਕਲਪ ਵੀ ਏਸੇ ਤਰ੍ਹਾਂ ਬਣਦਾ ਹੈ।**

ਏਥੇ ਵੱਡੀ ਗੱਲ ਜ਼ਿਕਰਯੋਗ ਹੈ ਕਿ ਜਿੱਥੇ ਕਿਸਾਨ ਸੰਘਰਸ਼ ਕਮੇਟੀਆਂ ਮਤਲਬ ਕਿਸਾਨ ਜਥੇਬੰਦੀਆਂ ਵੀ ਪਿੰਡ ਦੇ ਲੋਕਾਂ ਵਿਚ ਸਮਾਜਿਕ ਸੁਰੱਖਿਆ ਉਤਿਸਭ ਪਾਸੇ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਜਾਣੀ ਜਾਂਦੀਆਂ ਹਨ। ਉੱਥੇ ਪਿੰਡ ਦੀ ਕਿਸਾਨ ਕਮੇਟੀ ਜਥੇਬੰਦਕ ਢਾਂਚੇ ਵਿਚ ਸੁਧਾਰ ਲਿਆਉਣ ਅਤੇ ਨਵੀਆਂ ਸੰਭਾਵਨਾਵਾਂ ਖੋਲ੍ਹਣ ਲਈ ਕਿਸਾਨ ਪੱਖੀ ਨੀਤੀਆਂ ਦੀ ਆਵਾਜ਼ ਉਠਾਉਣ ਅਤੇ ਕਈ ਪਿੰਡਾਂ ਦੇ ਵੱਡੇ ਵੱਡੇ ਅਹਿਮ ਮਸਲੇ ਆਪਸੀ ਭਾਈਚਾਰਕ ਸਾਂਝ ਬਣਾ ਕੇ ਰੱਖਣ ਦੇ ਕੋਰਟਾਂ, ਥਾਣਿਆਂ ਤੋਂ ਬਚਾ ਕੇ ਪਿੰਡ ਦੇ ਮਸਲੇ ਪਿੰਡ ਵਿਚ ਹੀ ਹੱਲ ਕਰਨ ਨਾਲ ਸੁਚਾਰੂ ਸੇਧ ਦੇਣ ਦਾ ਪ੍ਰਣ ਸੰਦੇਸ਼ ਜਾਂਦਾ ਸੀ। ਏਸ ਚੋਣਾਂ ਵਿਚ ਵੀ ਅਸੀਂ ਉਹਨਾਂ ਦਾ ਕਿਥੇ ਤੇ ਕਿਸ ਹੱਦ ਤੱਕ, ਤੇ ਕਿਸ ਤਰ੍ਹਾਂ ਤਰੀਕੇ ਦਾ, ਉਹ ਕਿੰਨੀਆਂ ਕੁ ਆਪਸੀ ਸਾਂਝਾ ਪਿਆਰ ਵਾਕਫੀਆਂ, ਬੇਨਤੀਆਂ ਅਨਾਊਂਸਮੈਂਟਾਂ ਸਦਕੇ ਨਾਲ ਸਰਬਸੰਮਤੀ ਜਾਂ ਲੜਾਈ ਝਗੜੇ ਬਚਾਉਣ ਲਈ ਅੱਗੇ ਆ ਕੇ ਜਾਂ ਏਨਾਂ ਪੰਚਾਇਤੀ ਚੋਣਾਂ ਵਿਚ ਬਿਲਕੁਲ ਪਿੱਛੇ ਹੱਦ ਕੇ ਸ਼ਾਂਤ ਰੁੱਖ ਅਖਤਿਆਰ ਕਰਨ ਵੱਲ ਉਨ੍ਹਾਂ ਤੇ ਸਾਂਝੀ ਝਾੜ ਬਾਰੇ ਇਕ ਸਾਰਥਕ ਸੋਚ ਸਮਝ ਸੇਧਾਂ ਬਾਬੇ ਘੋਖ ਲੇਖ ਵਿਚਾਰਾਂ ਪਿੰਡਾਂ ਦੇ ਕਈ ਕਿਸਾਨ ਆਗੂਆਂ ਨਾਲ ਗੱਲਬਾਤ ਕਰਨ ਤੋਂ ਬਾਅਦ ਅਤੇ ਨਿੱਜੀ ਤੌਰ ਤੇ ਮਿਲਣ ਤੇ, ਸਮਾਜ ਚੋਂ ਜਾਣਕਾਰੀ ਪ੍ਰਾਪਤ ਹੋਣ ਬਾਰੇ ਮਿਲੇ ਅੰਕੜਿਆਂ ਦੀ ਲਿਖਤ ਮੁਤਾਬਿਕ ਉਹਨਾਂ ਦਾ ਆਪੋ ਆਪਣੇ ਪੂਰਨ ਪੱਖ ਤੇ ਸਮਾਜਿਕ ਦਿੱਖ ਤੇ ਸੰਘਰਸ਼ਮਈ ਛਵੀ ਬਾਰੇ ਬਿਆਨ ਕੀਤਾ ਹੈ।

ਦੋਸਤੋਂ ਪਿੰਡ ਪੱਧਰ ਤੇ ਜੁਝਾਰੂ ਜਜ਼ਬੇ ਤੇ ਕ੍ਰਾਂਤੀਕਾਰੀ ਭਾਵਨਾਵਾਂ ਵਜੋਂ ਜਾਣੀ ਜਾਂਦੀ ਕਿਸਾਨ ਜਥੇਬੰਦੀਆਂ ਦਾ ਲੋਕਾਂ ਨੂੰ ਲੋਕਤੰਤਰ ਵਿਚ ਉਹਨਾਂ ਦੇ ਸੋਚ ਦੇ ਗ੍ਰਾਫ ਨੂੰ ਸਮਝਣ ਲਈ ਵਿਚਰਨ ਵਿਚ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਰਾਜਨੀਤੀ ਦੂਰ ਅੰਦੇਸ਼ੀ ਦੇਖ ਕੇ ਕਿ ਇਨ੍ਹਾਂ ਨੂੰ ਸਮਝਣ ਜਾਂ ਸਮਝਾਉਣ ਦੀ ਕਿੱਥੇ ਲੋੜ ਹੈ, ਜਿੱਥੇ ਉਹਨ੍ਹਾਂ ਵੱਲੋਂ ਸਰਬਸੰਮਤੀ ਬਣ ਸਕਦੀ ਹੈ ਜਾਂ ਨਹੀਂ ਜਾਂ ਕਿਤੇ ਏਨਾਂ ਦੀ ਆਪਸੀ ਤਾਲਮੇਲ ਨਾ ਬਣਨ ਕਰਕੇ ਕੀਤੇ ਕਿਸਾਨ ਆਗੂਆਂ ਤੇ ਵੀ ਗਲਤ ਕਿਰਦਾਰ ਜਾਂ ਗਲਤ ਸਮਾਜ ਵਿਚ ਨਾ ਜਾਵੇ। ਬਹੁਤ ਸਾਰੇ ਪਹਿਲੂਆਂ ਤੇ ਵੀ ਉਹਨਾਂ ਨੂੰ ਖੁਦ ਸਮਝ ਕੇ ਜੱਥੇਬੰਦਕ ਢਾਂਚੇ ਵਿਚ ਹੋ ਕੇ ਰਹਿ ਕੇ ਸਭਨਾਂ ਨੂੰ ਚੰਗੀ ਦਿੱਖ ਦਿਖਾਉਣੀ ਵੀ ਇਕ ਚੈਲੰਜ ਤੋਂ ਘੱਟ ਨਹੀਂ ਪਈ। ਬੱਸ ਏਨਾਂ ਨੂੰ ਹਰ ਫਰੰਟ ਤੇ ਨਜ਼ਰੀਆ ਦੇਖਣ ਸਮਝਣ ਦਾ ਆਪੋ ਆਪਣਾ ਹੋ ਸਕਦਾ ਹੈ। ਭਾਵੇਂ ਉਹ ਸਿਆਸੀ ਤੌਰ ਤੇ ਨਿੱਜੀ ਚੱਲਣ ਦਾ ਹੋਵੇ ਜਾਂ ਕਿਸਾਨ ਯੂਨੀਅਨ ਦੇ ਆਗੂ ਬਣ ਸਿਆਸੀ ਲੋਕਾਂ ਦੇ ਦਬਾਅ ਹੇਠ ਹੋਵੇ ਜਾਂ ਏਨਾਂ ਤੇ ਪਿੰਡ ਦੇ ਲੋਕਾਂ ਦਾ ਭਲਾ ਕਰਨ ਵਾਲੇ ਕਿਰਦਾਰ ਪਾਸੋਂ ਲੋਕਤੰਤਰ ਵਿਚ



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ, ਖੇਤੀਬਾੜੀ ਵਿਭਾਗ, ਕਾਹਨੂੰਵਾਨ, ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

ਆਉਣ ਲਈ ਦਬਾਅ ਹੇਠ ਅੱਗੇ ਆਉਣ ਦਾ ਹੀ ਭਲਾ ਕਿਉਂ ਨਾ ਹੋਵੇ।

ਏਸ ਪੇਂਡੂ ਪੰਚਾਇਤੀ ਚੋਣਾਂ ਦੇ ਮੁੱਦੇ ਤੇ ਵੀ ਚਰਚਾ ਇਸ ਲਈ ਕਰਨ ਦੀ ਲੋੜ ਸੀ, ਕਿਉਂਕਿ ਜਿੱਥੇ ਕਿਸਾਨ ਜੱਥੇਬੰਦੀਆਂ ਸਰਕਾਰਾਂ ਅੱਗੇ ਆਪਣੇ ਫਸਲ ਦੇ ਹੱਕ ਲੈਣ ਲਈ ਜੱਥੇਬੰਦਕ ਢਾਂਚੇ ਵਿੱਚ ਸੁਧਾਰ ਲਿਆਉਣ ਵਿਚ ਪਿੰਡ ਨੂੰ ਇਕੱਠੇ ਕਰਕੇ ਨਾਲ ਲੈ ਕੇ ਪ੍ਰਤੱਖ ਰੂਪ ਸਰਕਾਰ ਅੱਗੇ ਅਦਾ ਕਰਦੀਆਂ ਸਨ। ਉੱਥੇ ਆਪੋ ਆਪਣੇ ਪਿੰਡ ਵਿਚ ਛੋਟੇ ਪੱਧਰ ਦੀ ਪਿੰਡ ਦੀ ਸਰਕਾਰ ਬਣਾਉਣ ਲਈ ਵੀ ਇੱਕਜੁਟਤਾ ਦਿਖਾਉਣ ਵਿਚ ਕਿੱਥੇ ਕੰਮ ਕਰਦੀ ਜਾਂ ਆਪਣੀ ਉਪਲੱਬਧਤਾ ਦਿਖਾਉਣ ਲਈ ਕਿਸ ਹੱਦ ਤੱਕ ਆਈਂ। ਉੱਥੇ ਏਨਾਂ ਦੇ ਵਿਹਾਰ, ਤਰਕ, ਸਮਝ, ਕਾਰਜਸ਼ੀਲਤਾ, ਬਾਰੇ ਜਾਣਨਾ ਵੀ ਅਹਿਮ ਹੋਵੇਗਾ।

ਬਤੌਰ ਲੇਖਕ ਅਸਿਸਟੈਂਟ ਪ੍ਰੋਜ਼ਾਈਡਿੰਗ ਅਫਸਰ ਦੀ ਡਿਊਟੀ ਦਿੰਦੀਆਂ ਲੰਘੀਆਂ ਪੰਚਾਇਤਾਂ ਚੋਣਾਂ ਵਿਚ ਬਹੁਤ ਸਾਰੇ ਪਹਿਲੂਆਂ ਤੇ ਪਿੰਡਾਂ ਚ ਵਿਚਰਦਿਆਂ ਤੇ ਸਮਾਜ ਚ ਲੋਥ ਵਿਚਾਰਾਂ ਸੁਣਦਿਆਂ ਤੋਂ ਕਈ ਪੱਖਾਂ ਤੇ ਝਾਂਕ ਮਾਰੀਂ, ਤਾਂ ਵੱਖ ਵੱਖ ਕਿਰਦਾਰ ਤੇ ਕਦਮਾਂ ਦੀ ਪੈੜ ਸਾਹਮਣੇ ਆਈ ਖਾਸ ਤੌਰ ਤੇ ਕਿਸਾਨ ਯੂਨੀਅਨ ਦੀ ਸੋਚ ਬਾਰੇ ਇਹ ਕੀ ਰੋਲ ਨਿਭਾਉਣਗੇ। ਬਹੁਤੇ ਤਾਂ ਕਿਸਾਨ ਆਗੂ ਚੱਲਦੇ ਲੋਕਤੰਤਰ ਨੂੰ ਦੂਰੋਂ ਦੇਖਦੇ ਸਮਝਦੇ ਦੂਰ ਅੰਦੇਸ਼ੀ ਨਾਲ ਸ਼ਾਂਤ ਰੂਪ ਵਿਚ ਵੀ ਆਪੋ ਆਪਣੇ ਪੱਧਰ ਤੇ ਦੂਰ ਖੜ੍ਹੇ ਹੀ ਵੋਟ ਪਾਉਂਦੇ ਨਜ਼ਰ ਆਏ, ਉਹ ਵੀ ਆਮ ਲੋਕਾਂ ਵੀ ਤਰ੍ਹਾਂ ਬਿਨਾਂ ਕਿਸੇ ਧੜੇ ਦੇ।

ਕਈ ਕਿਸਾਨ ਆਗੂ ਆਪਣੇ ਲੀਡਰਾਂ ਤੋਂ ਆਗਿਆ ਲੈਣ ਤੋਂ ਬਾਅਦ ਲੈਣ ਤੋਂ ਬਾਅਦ ਹੀ ਇਲੈਕਸ਼ਨ ਲੜਨ ਲਈ ਮੈਦਾਨ ਵਿਚ ਨਿੱਤਰੇ ਵੀ ਦਿੱਸੇ। ਉਹਨਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਨੂੰ ਕਿਸੇ ਸਿਆਸੀ ਪਾਰਟੀ ਵੱਲੋਂ ਕੋਈ ਜ਼ੋਰ ਜਾਂ ਆਦੇਸ਼ ਨਹੀਂ ਸੀ ਨਾ ਹੀ ਸਾਡੀ ਕਿਸਾਨ ਜੱਥੇਬੰਦੀ ਵੱਲੋਂ। ਬਲਕਿ ਅਸੀਂ ਕੇਵਲ ਪਿੰਡ ਦੀ ਲੋਕਾਂ ਨਾਲ ਮੂਹਰੇ ਹੋ ਕੇ ਕਿਸਾਨ ਸੰਘਰਸ਼ ਵਿਚ ਆਪਣੇ ਕਿਰਦਾਰ ਦੇ ਤੌਰ ਤੇ ਵਿਚਰਦਿਆਂ ਸਾਡਾ ਸਮਾਜ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਨਾਲ ਤੁਰਨ ਕਰਕੇ ਪਿੰਡ ਦੇ ਉਹਨਾਂ ਕਿਸਾਨ ਭਰਾਵਾਂ ਦੇ ਜ਼ੋਰਦਾਰ ਸਾਨੂੰ ਆਦੇਸ਼ ਸੀ ਕਿ ਅਸੀਂ ਸਾਰੇ ਤੇਰੀ ਸਪੋਟ ਕਰਾਂਗੇ। ਤੁਸੀਂ ਪਿੰਡ ਦੇ ਮੋਹਤਬਰ ਵੱਜੋਂ ਉਮੀਦਵਾਰ ਬਣੋ। ਵਧੇਰੇ ਆਪਣਿਆਂ ਦੇ ਦਬਾਅ ਵੀ ਕਈ ਕਿਸਾਨ ਆਗੂ ਸਰਪੰਚ ਬਣੇ ਤੇ ਕਈ ਹਾਰਦੇ ਵੀ ਨਜ਼ਰ ਆਏ ਕਈ ਜਿੱਤ ਹਾਸਲ ਕਰਦੇ ਵੀ। ਕਈ ਕਿਸਾਨ ਆਗੂਆਂ ਨੇ ਦੱਸਿਆ ਕਿ ਸਾਡੇ ਪ੍ਰਧਾਨ ਵੱਲੋਂ ਜ਼ਰੂਰ ਆਦੇਸ਼ ਸੀ ਕਿ ਜਿੱਥੇ ਪਿੰਡ ਵਿਚ ਸਰਬਸੰਮਤੀ ਹੁੰਦੀ ਹੈ, ਉੱਥੇ ਅੱਗੇ ਲੱਗ ਕੇ ਆਪ ਚੰਗਾ ਉੱਦਮ ਕਰਕੇ ਭਾਈਚਾਰਕ ਸਾਂਝ ਤੇ ਅਮਨ ਅਮਾਨ ਨਾਲ ਸੁਨੇਹਾ ਦਿਓ।

ਕੁਝ ਕਿਸਾਨ ਯੂਨੀਅਨ ਦੇ ਆਗੂਆਂ ਵੱਲੋਂ ਦੱਸਿਆ ਗਿਆ ਕਿ ਸਾਡੇ ਪ੍ਰਧਾਨ ਨੇ ਵੀ ਕਿਹਾ ਕਿ ਆਪਾਂ ਇਲੈਕਸ਼ਨ ਵਿਚ ਨਹੀਂ ਉਮੀਦਵਾਰ ਖਲੋਣਾ, ਕਿਉਕਿ ਸਾਡਾ ਸਿਆਸੀ ਪੱਖ ਵੱਜੋਂ ਨਾ ਕੀਤੇ ਲੋਕਾਂ ਅੱਗੇ ਗਲਤ ਜਾਵੇ। ਉਹਨਾਂ ਕਿਹਾ ਕਿ ਸਾਨੂੰ ਇਹ ਆਦੇਸ਼ ਜ਼ਰੂਰ ਸੀ ਕਿ ਗੁਰਦੁਆਰੇ ਵਿਚ ਅਨਾਊਂਸਮੈਂਟ ਜ਼ਰੂਰ ਕਰਦਾ ਦਿਓ ਕਿ ਜਿਸ ਕਿਸੇ ਨੇ ਪਿੰਡ ਵਿਚ ਲੜਾਈ ਕੀਤੀ ਜਾਂ ਭਾਈਚਾਰਕ ਸਾਂਝ ਖਰਾਬ ਕੀਤੀ ਤਾਂ ਕਿਸਾਨ ਯੂਨੀਅਨ ਉਸ ਨੇ ਖਿਲਾਫ ਜ਼ਰੂਰ ਚੱਲੇਗੀ। ਕੁਝ ਕਿਸਾਨ ਯੂਨੀਅਨ ਦੇ ਆਗੂਆਂ ਕਿਹਾ ਕਿ ਸਾਡੇ ਸਾਰੇ ਕਿਸਾਨ ਵੀਰ ਧੜਿਆਂ ਨੂੰ ਇੱਕ ਪਾਸੇ ਰੱਖ ਕੇ ਭਾਈਚਾਰਕ ਸਾਂਝ ਪਿੰਡ ਪੱਧਰ ਤੇ ਬਣਾਈ ਰੱਖਣ ਲਈ ਅੱਗੇ ਜ਼ਰੂਰ ਆਈਂ। ਇਕ ਕਿਸਾਨ ਜਥੇਬੰਦੀਆਂ ਦੇ ਪ੍ਰਧਾਨ ਨੇ ਕਿਹਾ ਕਿ ਆਵਾਜ਼ ਉਠਾਉਣ ਲਈ ਕਿਸਾਨ ਮੁੱਦਿਆਂ ਤੇ ਹੱਦ ਵਿਚ ਆਏਂ ਹਾਂ।

ਭਰੋਸੇਯੋਗ ਸੂਤਰਾ ਤੋਂ ਪਤਾ ਚੱਲਿਆ ਕਿ ਦੂਰੋਂ ਦੁਰਾਡੇ ਕਈ ਛੋਟੇ ਪਿੰਡਾਂ ਵਿਚ ਕਿਸਾਨ ਜਥੇਬੰਦੀਆਂ ਦੇ ਵੱਡੇ ਪ੍ਰਧਾਨ ਤੱਕ ਆਪ ਜਾ ਕੇ ਅਤੇ ਉਹਨਾਂ ਦੇ ਪਿੰਡਾਂ ਵਿਚ ਛੋਟੇ ਕਿਸਾਨ ਆਗੂਆਂ ਵੱਲੋਂ ਵੀ ਸਰਬਸੰਮਤੀਆਂ ਕਰਵਾਉਂਦੇ ਅੱਗੇ ਹੋਏ ਵੀ ਨਜ਼ਰ ਆਏ ਤੇ ਆਪਸੀ ਸਾਂਝ ਦਾ ਸੰਦੇਸ਼ ਦਿੰਦੇ ਵੀ ਦਿੱਸੇ, ਕਿ ਅਸੀਂ ਸਭ ਪਿੰਡ ਦੇ ਲੋਕ ਮੁੱਦਿਆਂ ਤੇ ਅੱਜ ਵੀ ਪੰਜਾਬ ਵਿਚ ਚੱਲਦੇ ਸਿਆਸੀ ਮੇਲੇ ਵਿਚ ਵੀ ਇਕੱਲੇ ਹਾਂ ਤੇ ਸਾਨੂੰ ਪਤਾ ਹੈ ਕਿ ਕਿਹੜਾ ਯੋਗ ਉਮੀਦਵਾਰ ਪਿੰਡ ਲਈ ਸਰਪੰਚ ਦੀ ਅਗਵਾਈ ਕਰਨ ਲਈ ਲੋੜੀਦੇ ਕਦਮ ਚੁੱਕ ਸਕਦਾ ਹੈ। ਉਸਨੂੰ ਹੀ ਅਸੀਂ ਪਿੰਡ ਦੇ ਵਿਕਾਸ ਕਾਰਜਾਂ ਲਈ ਅੱਗੇ ਲਿਆਈਏ।

ਏਸੇ ਪੰਚਾਇਤੀ ਚੋਣਾਂ ਵਿਚ ਕਈ ਕਿਸਾਨ ਆਗੂ ਸਿਆਸੀ ਪਾਰਟੀਆਂ ਚੋਂ ਨਿਕਲ ਆਪਣੇ ਹੱਕ ਲੈਣ ਲਈ ਵੱਖਰੇ ਫਰੰਟ ਤੇ ਜੋ ਸਾਹਮਣੇ ਆਏ ਸਨ। ਕੁਝ ਕੁ ਤਾਂ ਸਰਪੰਚ ਜਾਂ ਮੈਂਬਰ ਵੀ ਖੜ੍ਹੇ ਹੋਏ ਤੇ ਜਿੱਤੇ ਵੀ। ਇਥੇ ਇਹ ਵੀ ਦੇਖਣਾ ਵਿਚਾਰਣਾ ਯੋਗ ਬਣਦਾ ਹੈ ਕਿ ਉਸ ਕਿਸਾਨ ਆਗੂ ਦਾ ਆਪਣਾ ਕਿਰਦਾਰ ਕੀ ਸੀ ਜਾਂ ਜਿਸ ਪਾਰਟੀ ਵੱਲੋਂ ਉਮੀਦਵਾਰ ਖੜ੍ਹਾ ਸੀ ਜਾਂ ਉਸ ਪਾਰਟੀ ਵੱਲੋਂ ਚੰਗਾ ਸਮਝਿਆ ਗਿਆ ਹੋਵੇ ਜਾਂ ਕਿਸਾਨ ਯੂਨੀਅਨ ਵੱਲੋਂ ਚੰਗੀ ਭੱਜਦੌੜ ਦਾ ਨਤੀਜਾ ਹੋਣ ਕਰਕੇ ਸਾਹਮਣੇ ਆਇਆ। ਉਸ ਨੇ ਉਸ ਦਾ ਕਿੱਥੇ ਫਾਇਦਾ ਲਿਆ। ਏਸ ਤੇ ਨਜ਼ਰੀਆ ਦੇਖਣ ਦਾ ਉਹਨਾਂ ਦੇ ਪਿੰਡ ਵਾਸੀਆਂ ਦਾ ਅਲੱਗ ਹੋ ਸਕਦਾ ਹੈ ਜੋ ਆਉਂਦੇ ਸਮੇਂ ਵਿਚ ਉਹਨਾਂ ਦਾ ਭਵਿੱਖ ਅਗਾਂਹ ਸਿਆਸੀ ਜਾਂ ਗੈਰ ਸਿਆਸੀ ਚੱਲਦਾ ਉਸ ਦਾ ਦੇਖਣਾ ਚਾਹੁੰਦੇ।

ਕੁਝ ਕਿਸਾਨ ਆਗੂ ਪੰਚਾਇਤੀ ਚੋਣਾਂ ਵਿਚ ਵੋਟ ਪਾਉਣ ਦੇ ਨਾਲ ਝੋਨੇ ਦਾ ਦਾਣਾ ਮੰਡੀਆਂ ਵਿਚ ਰੁੱਲਣ ਤੇ ਹੁੰਦੇ ਨੁਕਸਾਨ ਬਾਰੇ ਅਤੇ ਫਸਲ ਤੋਂ ਧਿਆਨ ਭਟਕਾਵਉਣ ਤੇ ਸਮਾਂ ਲੰਘਾਉਣ ਬਾਰੇ ਤੇ ਗਲਤ ਸਮੇਂ ਤੇ ਚੋਣਾਂ ਤੱਕ ਕਰਵਾਉਣ ਬਾਰੇ ਵੀ ਗੱਲਬਾਤ ਕਰਦੇ ਸਾਹਮਣੇ ਆਏ। ਉਹਨਾਂ ਦੀ ਚਿੰਤਾ ਕਿਸਾਨ ਮੁੱਦੇ ਤੇ ਜ਼ਿਆਦਾ ਸੀ ਪਰ ਪਿੰਡ ਦੇ ਸਿਆਸੀ ਰੰਗ ਨਾਲ ਰੰਗੇ ਨਜ਼ਰ ਨਹੀਂ ਆਏ। ਕਈ ਕਿਸਾਨ ਆਗੂਆਂ ਨੇ ਕਿਹਾ ਕਿ ਸਾਨੂੰ ਸਾਡੇ ਕਿਸੇ ਵੀ ਪ੍ਰਧਾਨ ਵੱਲੋਂ ਕੋਈ ਆਦੇਸ਼ ਨਹੀਂ ਸੀ, ਕਿ ਅਸੀਂ ਕਿਸੇ ਇਕ ਸਿਆਸੀ ਪਾਰਟੀ ਦਾ ਪੱਖ ਪੂਰੀਏ। ਬਹੁਤੇ ਸਾਡੇ ਕਿਸਾਨ ਵੀਰ ਆਪਣੀ ਸੋਚ ਨਾਲ ਆਪਣੇ ਤੌਰ ਤੇ ਆਜ਼ਾਦ ਰੁਖ ਅਖਤਿਆਰ ਕਰਕੇ ਆਪਣੀ ਸੋਚ ਮੁਤਾਬਕ ਵੋਟਾਂ ਪਾ ਰਹੇ ਸਨ।

ਕੁਝ ਕਿਸਾਨ ਆਗੂ ਪਿੰਡਾਂ ਵਿਚ ਬਿਲਕੁੱਲ ਵੀ ਸਰਗਰਮ ਨਜ਼ਰ ਨਹੀਂ ਆਏ, ਜੋ ਕਹਿੰਦੇ ਸੁਣਦੇ ਇਹ ਨਜ਼ਰ ਆਏ ਕਿ ਸਾਰਿਆਂ ਨੂੰ ਮਿਲ ਬੈਠ ਕੇ ਬਠਾ ਵੀ ਦੇਈਏ ਤਾਂ ਸਿਆਸੀ ਚੌਧਰਪੁਣੇ ਤੇ ਉਪਰਲੇ ਰਾਜਸੀ ਦਬਾਅ ਕਰਕੇ ਇਨ੍ਹਾਂ ਉਮੀਦਵਾਰਾਂ ਨੇ ਮੰਨਣਾ ਨਹੀਂ। ਇਹ ਨਾ ਹੋਵੇ ਕਿ ਕਿਤੇ ਅਸੀਂ ਵੀ ਬੁਰੇ ਨਾ ਬਣ ਜਾਈਏ ਤੇ ਚੰਗੇ ਭਲੇ ਸਮਜਿਕ ਕੰਮ ਕਰਦਿਆਂ, ਕਰਦਿਆਂ ਨਾਲੇ ਸਾਡੇ ਕਹਿਣ ਤੇ ਵੀ ਮੰਨੇ ਤਾਂ ਸਾਡੀ ਆਪਣੀ ਲੋਕ ਇੱਜ਼ਰ ਘੱਟ ਜਾਊ। ਕੁਝ ਤਾਂ ਏਥੋਂ ਤੱਕ ਕਹਿੰਦੇ ਸੁਣੇ ਗਏ ਕਿ ਕੋਈ ਗੱਲ ਨਹੀਂ ਕੁੱਝ ਦਿਨਾਂ ਦਾ ਸਿਆਸੀ ਮੇਲਾ ਹੈ ਲੰਘ ਜਾਣਾ। ਅਸੀਂ ਸਾਰਿਆਂ ਨੇ ਫਿਰ ਬਾਅਦ ਵਿਚ ਪਿੰਡ ਵਿੱਚ ਇਕੱਠੇ ਹੋ ਹੀ ਜਾਣਾ ਹੈ। ਇਹ ਤਾਂ ਉਹਨਾਂ ਲੋਕਾਂ ਨੂੰ ਵੀ ਪਤਾ ਹੈ ਕਿ ਕਿੱਥੇ ਕਿਹੜੇ ਮੁੱਦੇ ਚੱਲਣੇ ਹਨ।

ਇਸ ਲੇਖ ਜ਼ਰੀਏ ਖੁਦ ਸਮਾਜਿਕ ਤੌਰ ਤੇ ਵਿਚਰਦਿਆਂ ਤੇ ਬਹੁਤ ਸਾਰੇ ਚਿੰਤਿਤ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਗੱਲਬਾਤ ਕਰਨ ਦੌਰਾਨ ਸਾਹਮਣੇ ਆਏ ਤੱਤ ਪੇਸ਼ ਕੀਤੇ ਗਏ ਹਨ, ਜੋ ਕਿਸੇ ਵੀ ਸਿਆਸੀ ਜਾਂ ਗੈਰ ਸਿਆਸੀ ਧਿਰਾਂ ਨਾਲ ਕੋਈ ਸਬੰਧ ਨਹੀਂ। ਇਹ ਦਿਲਚਸਪ ਕਿਸਾਨ ਕਹਾਣੀ ਸੰਗ੍ਰਹਿ ਲਿਖਣ ਦੀ ਲੋੜ ਤੱਦ ਪਈ ਕਿ ਦਿੱਲੀ ਅੰਦੋਲਨ ਤੋਂ ਵਾਪਸੀ ਕਰਨ ਤੋਂ ਬਾਅਦ ਕਾਫੀ ਸਮਾਂ ਗੁਜ਼ਰਨ ਦੇ ਨਾਲ ਕਿਤੇ ਨਾ ਕਿਤੇ ਕਿਸਾਨ ਆਗੂਆਂ ਵੱਲੋਂ ਮਿਲਦਾ ਜੁਲਦਾ ਰੋਲ ਹਾਲੇ ਵੀ ਅਦਾ ਕਰਦੇ ਜ਼ਰੂਰ ਸ਼ਾਂਤਮਈ ਢੰਗ ਤਜ਼ਰਬੇ ਨਾਲ ਸਾਹਮਣੇ ਆਇਆ ਜੋ ਜ਼ਰੂਰੀ ਫਰਜ਼ ਦੇ ਤੌਰ ਤੇ ਵੀ ਬਣਦਾ ਸੀ। ਦੂਰ ਸੋਚ ਦੀ ਗਵਾਈ ਭਰਦੇ ਦੀ ਗੱਲ ਕਰੀਏ ਤਾਂ ਪਿੰਡ ਵਿਚ ਜੋ ਚੱਲਦਾ ਜਾਂ ਆਉਂਦੇ ਸਮੇਂ ਵਿਚ ਧੜਿਆਂ ਦੇ ਵੱਧਣ ਦੇ ਆਸਾਰ ਖੁਸ਼ਕੀ ਤੇ ਈਰਖਾ ਦੇ ਹਨ। ਉਨ੍ਹਾਂ ਨੂੰ ਇੱਕਜੁਟਤਾ ਤੇ ਜੱਥੇਬੰਦਕ ਢਾਂਚੇ ਵਿਚ ਸੁਧਾਰ ਲਿਆਉਣ ਲਈ ਮੁੱਢਲਾ ਫਰਜ਼ ਕੇਵਲ ਜਥੇਬੰਦੀਆਂ ਹੀ ਆ ਕੇ ਸੰਤੁਸ਼ਟ ਕਰਦੀਆਂ ਤੇ ਏਕਾ ਪਿੰਡ ਵਿਚ ਬਣਾਈ ਰੱਖਦੀਆਂ ਆਪ ਦੇਖੀਆਂ। ਜੋ ਇਹ ਸਾਰੇ ਜੱਗ ਅੱਗੇ ਲਿਆਉਣਾ ਜ਼ਰੂਰੀ ਤਾਂ ਲੱਗਾ ਕਿ ਉਹ ਜੇਕਰ ਆਪ ਵੀ ਹਰੇ ਝੰਡੇ ਦੀ ਤਾਕਤ ਸਮਝ ਸਕੀਆਂ ਤੱਦ। ਏਥੇ ਕਿਸਾਨ ਯੂਨੀਅਨਾਂ ਜੋ ਹੋਰਨਾਂ ਮਸਲਿਆਂ ਤੇ ਅੱਗੇ ਆਈਆਂ ਦਿਸਦੀਆਂ ਸਨ, ਉਹਨਾਂ ਦਾ ਕੀ ਰੋਲ ਏਨਾਂ ਪੰਚਾਇਤੀ ਚੋਣਾਂ ਵਿਚ ਭੂਮਿਕਾ ਵੱਜੋਂ ਨਿਭਾਇਆ ਜਾਂ ਹੋਇਆ। ਉਸ ਬਾਰੇ ਕੇਵਲ ਸਮਾਜਿਕ ਸੁਰੱਖਿਆ ਉੱਤੇ ਜ਼ਿੰਮੇਵਾਰ ਵਿਹਾਰ ਬਾਰੇ ਜ਼ਿਕਰ ਛੇੜਿਆ ਗਿਆ ਹੈ।

# ਕਿਸਾਨ ਭਰਾਵਾਂ ਲਈ ਖੇਤੀ ਰੁਝੇਵੇਂ

**ਬਾਸਮਤੀ** : ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਵਾਢੀ ਲਈ ਤਿਆਰ ਫਸਲ ਦੀ ਕਟਾਈ ਕਰ ਲੈਣ ।

**ਕਣਕ** : ਸੇਂਜੂ ਹਾਲਤਾਂ ਲਈ ਕਣਕ ਦੀਆਂ ਪੀ ਬੀ ਡਬਲਯੂ 826, ਪੀ ਬੀ ਡਬਲਯੂ-824, ਪੀ ਬੀ ਡਬਲਯੂ-766, ਡੀ ਬੀ ਡਬਲਯੂ 187, ਐਚ ਡੀ-3226, ਪੀ ਬੀ ਡਬਲਯੂ-725, ਪੀ ਬੀ ਡਬਲਯੂ 677, ਐਚ ਪੀ 3086, ਡਬਲਯੂ ਐਚ 1105, ਪੀ ਬੀ ਡਬਲਯੂ 1 ਜ਼ਿੰਕ, ਪੀ ਬੀ ਡਬਲਯੂ ਜ਼ਿੰਕ 2 ਅਤੇ ਵਡਾਨਕ ਕਣਕ ਦੀਆਂ ਡਬਲਯੂ ਐਚ ਡੀ 943 ਅਤੇ ਪੀ ਡੀ ਡਬਲਯੂ 291 ਕਿਸਮਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ । ਕਣਕ ਦੀਆਂ ਕਿਸਮਾਂ ਡੀ ਬੀ ਡਬਲਯੂ 222 ਦੀ ਬਿਜਾਈ ਨੀਮ ਪਹਾੜੀ ਇਲਾਕਿਆਂ ਨੂੰ ਛੱਡ ਕੇ ਬਾਕੀ ਦੇ ਇਲਾਕਿਆਂ ਵਿਚ ਕੀਤੀ ਜਾ ਸਕਦੀ ਹੈ ਅਤੇ ਪੀ ਬੀ ਡਬਲਯੂ 803 ਕਿਸਮ ਪੰਜਾਬ ਦੇ ਦੱਖਣ ਪੱਛਮੀ ਇਲਾਕਿਆਂ ਲਈ ਢੁੱਕਵੀਂ ਹੈ । ਕਣਕ ਦੀ ਬਿਜਾਈ ਸੇਂਜੂ ਹਾਲਤਾਂ ਵਿਚ ਅਕਤੂਬਰ ਦੇ ਚੌਥੇ ਹਫਤੇ ਤੋਂ ਨਵੰਬਰ ਦੇ ਚੌਥੇ ਹਫਤੇ ਤੱਕ ਕਰ ਲੈਣੀ ਚਾਹੀਦੀ ਹੈ । ਜਿਨ੍ਹਾਂ ਖੇਤਾਂ ਵਿਚ ਝੋਨੇ ਦੀ ਪਰਾਲੀ ਦੀ ਸੰਭਾਲ ਹੈਪੀ ਸੀਡਰ ਜਾਂ ਸੁਪਰ ਸੀਡਰ ਨਾਲ ਕਰਕੇ ਕਣਕ ਦੀ ਬਿਜਾਈ ਕਰਨੀ ਹੋਵੇ ਉਹਨਾਂ ਖੇਤਾਂ ਵਿਚ ਕਣਕ ਦੀ ਕਿਸਮ ਪੀ ਬੀ ਡਬਲਯੂ 869 ਦੀ ਬਿਜਾਈ ਕਰੋ । ਗੁੱਲੀ ਡੰਡੇ ਦੀ ਰੋਕਥਾਮ ਲਈ ਸਟੌਂਪ 30 ਈ ਸੀ (ਪੈਂਡੀਮੈਥਾਲਿਨ) 1.5 ਲਿਟਰ ਜਾਂ ਅਵਕੀਰਾ/ਮਿਮੀਜੀ 85 ਡਬਲਯੂ ਜੀ (ਪਾਈਰੋਕਸਾਸਲਫੋਨ) 60 ਗ੍ਰਾਮ ਜਾਂ ਪਲੇਟਫਾਰਮ 385 ਐਸ ਈ (ਪੈਂਡੀਮੈਥਲਿਨ +ਮੈਟਰੀਬਿਊਜ਼ਿਨ) 1.0 ਲਿਟਰ ਜਾਂ ਦਕਸ਼ ਪਲੱਸ 48 ਈ ਸੀ (ਪੈਂਡੀਮੈਥਾਲਿਨ +ਮੈਟਰੀਬਿਊਜ਼ਿਨ) 900 ਮਿਲੀਲਿਟਰ ਪ੍ਰਤੀ ਏਕੜ ਵਰਤੋਂ ਇਹਨਾਂ ਵਿੱਚੋਂ ਕਿਸੇ ਇਕ ਨਦੀਨਨਾਸ਼ਕ ਦਾ ਛਿੜਕਾਅ ਬਿਜਾਈ ਤੋਂ 2 ਦਿਨਾਂ ਦੇ ਅੰਦਰ ਅੰਦਰ 200 ਲਿਟਰ ਪਾਣੀ ਵਰਤ ਕੇ ਕਰੋ । ਕਣਕ ਦੀ ਬਿਜਾਈ ਸਮੇਂ ਦਰਮਿਆਨੀ ਉਪਜਾਊ ਸ਼ਕਤੀ ਵਾਲੀਆਂ ਮਿੱਟੀਆਂ ਵਿਚ 55 ਕਿਲੋ ਡੀ. ਏ. ਪੀ./ਏਕੜ ਡਰਿੱਲ ਕਰੋ । ਬਿਜਾਈ ਸਮੇਂ ਯੂਰੀਆ ਪਾਉਣ ਦੀ ਲੜ ਨਹੀਂ । ਪਹਿਲੇ ਪਾਣੀ ਨਾਲ ਸਮੇਂ ਸਿਰ ਬੀਜੀ ਕਣਕ ਨੂੰ 45 ਕਿਲੋ ਯੂਰੀਆ/ਏਕੜ ਪਾਓ ।



**ਕਮਾਦ** : ਬੀਜ ਨੂੰ ਸਿਫਾਰਸ਼ ਅਨੁਸਾਰ ਸੋਧ ਲਵੋ । ਕਤਾਰਾਂ ਦਾ ਫਾਸਲਾ 90 ਸੈ. ਮੀ. ਰੱਖੋ । ਕਤਾਰਾਂ ਵਿਚਕਾਰ ਸਰ੍ਹੋਂ, ਮਟਰ, ਗੋਭੀ ਸਰ੍ਹੋਂ, ਬੰਦ ਗੋਭੀ, ਛੋਲੇ, ਕਣਕ, ਮੂਲੀ, ਲਸਣ ਆਦਿ ਦੀ ਬਿਜਾਈ ਕੀਤੀ ਜਾ ਸਕਦੀ ਹੈ । ਰਲੇ ਦੀ ਬਿਜਾਈ 2 ਕਤਾਰੀ ਖਾਲੀ ਵਿਧੀ ਰਾਹੀਂ ਕਰਨ ਨਾਲ ਸਿੰਚਾਈ ਵਾਲੇ ਪਾਣੀ ਦੀ ਬੱਚਤ, ਫਸਲ ਦੀ ਸੌਖੀ ਬਨਾਈ ਅਤੇ ਝਾੜ ਵਿਚ ਵਾਧਾ ਹੁੰਦਾ ਹੈ । ਕਮਾਦ ਵਿਚ ਤਣੇਂ ਦੇ ਗੜੂੰਏਂ ਦੀ ਰੋਕਥਾਮ ਲਈ ਟਰਾਈਕੋਗਰਾਮਾ ਕੀਲੋਨਸ 20,000 ਪ੍ਰਤੀ ਏਕੜ ਦੇ ਹਿਸਾਬ ਨਾਲ 10 ਦਿਨਾਂ ਦਾ ਵਕਫੇ ਤੇ ਖੇਤ ਵਿਚ ਛੱਡੋ । ਖੇਤ ਵਿਚ ਮਿੱਤਰ ਕੀੜੇ ਛੱਡਣ ਲਈ ਇਕ ਟਰਾਈਕੋ-ਕਾਰਡ (10×15 ਸੈ. ਮੀ) ਨੂੰ 5×0.75 ਸੈ. ਮੀ. ਦੇ ਆਕਾਰ ਦੇ 40 ਛੋਟੇ ਬਰਾਬਰ ਹਿੱਸਿਆਂ ਵਿਚ ਕੱਟੋ । ਇਨ੍ਹਾਂ ਹਿੱਸਿਆਂ ਨੂੰ ਕਮਾਦ ਦੇ ਪੱਤਿਆਂ ਤੇ ਹੇਠਲੇ ਪਾਸੇ ਇਕ ਏਕੜ ਵਿਚ ਬਰਾਬਰ ਦੂਰੀ ਤੇ 40 ਥਾਵਾਂ ਤੇ ਸ਼ਾਮ ਵੇਲੇ ਪਿੰਨ੍ਹਾਂ ਨਾਲ ਨੱਥੀ ਕਰੋ । ਆਗ ਦੇ ਗੜੂੰਏਂ ਦੀ ਰੋਕਥਾਮ ਲਈ 10 ਕਿਲੋ ਫਰਟੇਰਾ 0.4 ਜੀ ਆਰ ਜਾਂ 12 ਕਿੱਲੋ ਦਾਣੇਦਾਰ ਕਾਰਬੋਫੂਰਾਨ 3 ਜੀ ਨੂੰ ਬੂਟਿਆਂ ਦੇ ਮੁੱਢਾਂ ਕੋਲ ਪਾ ਕੇ ਹਲਕੀ ਮਿੱਟੀ ਚੜ੍ਹਾਉਣ ਤੋਂ ਬਾਅਦ ਪਾਣੀ ਲਾਓ ।



**ਤੇਲ ਬੀਜ** : ਰਾਇਆ ਦੀਆਂ ਗਿਰੀਰਾਜ, ਆਰ ਐਲ ਸੀ 3, ਪੀ ਬੀ ਆਰ 357 ਕਿਸਮਾਂ ਪੰਜਾਬ ਦੇ ਸਾਰੇ ਇਲਾਕਿਆਂ ਵਿਚ ਸੇਂਜੂ ਹਾਲਤਾਂ ਲਈ ਢੁੱਕਵੀਆਂ ਹਨ ਅਤੇ ਬਰਾਨੀ ਹਾਲਤਾਂ ਲਈ ਪੀ ਬੀ ਆਰ 97 ਕਿਸਮ ਬੀਜੋ । ਆਰ ਸੀ ਐਚ 1, ਪੀ ਐੱਚ ਆਰ 126 ਅਤੇ ਪੀ ਬੀ ਆਰ 91 ਕੇਵਲ ਦੱਖਣ-ਪੱਛਮੀ ਸੇਂਜੂ ਇਲਾਕਿਆਂ ਲਈ ਸਿਫਾਰਿਸ਼ ਕੀਤੀਆਂ ਜਾਂਦੀਆਂ ਹਨ । ਰਾਇਆ ਦੀ ਫਸਲ ਲਈ ਢੁਕਵਾਂ ਸਮਾਂ ਅਕਤੂਬਰ ਦਾ ਦੂਜਾ ਪੰਦਰਵਾੜਾ ਹੈ । ਗੋਭੀ ਸਰ੍ਹੋਂ ਪੀ ਜੀ ਐਸ ਐਚ 1707, ਜੀ ਐਸ ਸੀ 7, ਜੀ ਐਸ ਸੀ-6 ਕਿਸਮਾਂ ਦੀ ਬਿਜਾਈ 10 ਅਕਤੂਬਰ ਤੋਂ ਸ਼ੁਰੂ ਕਰ ਦੇਣੀ ਚਾਹੀਦੀ ਹੈ । ਅਫਰੀਕਨ ਸਰ੍ਹੋਂ ਪੀ ਸੀ 6 ਬਿਜਾਈ ਵੀ ਇਸ ਸਾਰੇ ਮਹੀਨੇ ਵਿਚ ਕੀਤੀ ਜਾ ਸਕਦੀ ਹੈ । ਰਾਇਆ, ਅਫਰੀਕਨ ਸਰ੍ਹੋਂ ਅਤੇ ਗੋਭੀ ਸਰ੍ਹੋਂ ਨੂੰ ਬਿਜਾਈ ਵੇਲੇ 45 ਕਿੱਲੋ ਯੂਰੀਆ ਅਤੇ 75 ਕਿਲੋ ਸਿੰਗਲ ਸੁਪਰਫਾਸਫੇਟ ਤੇ 10 ਕਿਲੋ ਮਿਊਰੇਟ ਆਫ ਪੋਟਾਸ਼ (ਸਿਰਫ ਘਾਟ ਵਾਲੀਆਂ ਜ਼ਮੀਨਾਂ ਵਿਚ) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉਣ ਦੀ ਜ਼ਰੂਰਤ ਹੈ । ਯੂਰੀਏ ਦੀ ਦੂਸਰੀ ਕਿਸ਼ਤ 45 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਵੇਲੇ ਪਾਓ ।

**ਚਾਰੇ** : ਬਰਸੀਮ ਦੀ ਫਸਲ ਨੂੰ 6 ਟਨ ਦੇਸੀ ਰੂੜੀ ਅਤੇ 125 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਬਿਜਾਈ ਤੋਂ ਪਹਿਲਾਂ ਪਾਉ । ਜਿੱਥੇ ਦੇਸੀ ਖਾਦ ਨਹੀਂ ਮਿਲਦੀ, ਉੱਥੇ 185 ਕਿਲੋ ਸਿੰਗਲ ਸੁਪਰਫਾਸਫੇਟ ਦੇਨਾਲ 22 ਕਿਲੋ ਯੂਰੀਆ/ਏਕੜ ਵਰਤੋ ।

**ਛੋਲੇ** : ਛੋਲਿਆਂ ਦੀ ਕਿਸਮ ਪੀ ਡੀ ਜੀ 4 ਦੀ ਬਿਜਾਈ ਬਰਾਨੀ ਹਾਲਤਾਂ ਵਿਚ 10 ਤੋਂ 25 ਅਕਤੂਬਰ ਤੱਕ ਕਰੋ । ਸਿੱਲ ਵਾਲੇ ਇਲਾਕਿਆਂ ਨੂੰ ਛੱਡ ਕੇ ਸਾਰੇ ਪੰਜਾਬ ਵਿਚ ਸਿੰਚਾਈ ਵਾਲੀਆਂ ਹਾਲਤਾਂ ਵਿਚ ਪੀ ਬੀ ਜੀ 8, ਜੀ ਪੀ ਐਫ 2, ਐੱਲ ਐੱਲ 552 ਕਿਸਮਾਂ ਦੀ ਬਿਜਾਈ 25 ਅਕਤੂਬਰ ਤੋਂ 10 ਨਵੰਬਰ ਤੱਕ ਕਰ ਦਿਓ । ਨੀਮ ਪਹਾੜੀ ਇਲਾਕਿਆਂ ਵਿਚ ਪੀ ਬੀ ਜੀ 5 ਅਤੇ ਪੰਜਾਬ ਦੇ



ਸਾਰੇ ਜ਼ਿਲ੍ਹਿਆਂ ਲਈ ਸੇਂਜੂ ਹਾਲਤਾਂ ਵਿਚ ਪੀ ਬੀ ਜੀ 10 ਤੇ ਪੀ ਬੀ ਜੀ 7 ਕਿਸਮ 25 ਅਕਤੂਬਰ ਤੋਂ 10 ਨਵੰਬਰ ਤੱਕ ਬੀਜੀ ਜਾ ਸਕਦੀ ਹੈ ।

**ਮਸਰ** : ਨੀਮ ਪਹਾੜੀ ਇਲਾਕਿਆਂ ਵਿਚ ਮਸਰਾਂ ਦੀ ਬਿਜਾਈ ਅਕਤੂਬਰ ਦੇ ਦੂਸਰੇ ਪੰਦਰਵਾੜੇ ਵਿਚ ਕਰੋ ਅਤੇ ਬਾਕੀ ਦੇ ਇਲਾਕਿਆਂ ਵਿਚ ਮਸਰਾਂ ਦੀ ਬਿਜਾਈ ਅਕਤੂਬਰ ਦੇ ਅਖੀਰ ਤੋਂ ਸ਼ੁਰੂ ਕਰ ਦਿਓ । ਐੱਲ ਐੱਲ 1373 ਕਿਸਮ ਦਾ 18 ਕਿਲੋ ਬੀਜ ਪ੍ਰਤੀ ਏਕੜ ਤੇ ਐੱਲ ਐੱਲ 931 ਤੇ ਐੱਲ ਐੱਲ 699 ਕਿਸਮਾਂ ਦਾ 12-15 ਕਿਲੋ ਪ੍ਰਤੀ ਏਕੜ ਬੀਜ ਬੀਜੋ । ਮਸਰਾਂ ਦੀ ਫਸਲ ਦਾ ਵਧੀਆ ਝਾੜ ਲੈਣ ਲਈ ਬੀਜ ਨੂੰ ਰਾਈਜ਼ੋਬੀਅਮ ਦਾ ਟੀਕਾ ਜ਼ਰੂਰ ਲਾਉ ਅਤੇ ਬਿਜਾਈ ਵੇਲੇ 11 ਕਿਲੋ ਯੂਰੀਆ ਅਤੇ 50 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਪਾਓ । ਜੇ ਟੀਕਾ ਨਹੀਂ ਲਾਇਆ ਤਾਂ 100 ਕਿੱਲੋ ਸਿੰਗਲ ਸੁਪਰਫਾਸਫੇਟ ਬਿਜਾਈ ਸਮੇਂ ਪਾਓ ।

**ਬਾਗਬਾਨੀ** : ਬੇਰਾਂ ਦੇ ਬੂਟਿਆਂ ਨੂੰ ਚਿੱਟੇ ਦੇ ਰੋਗ ਤੋਂ ਬਚਾਉਣ ਲਈ 0.25% (250 ਗ੍ਰਾਮ/ 100 ਲਿਟਰ ਪਾਣੀ) ਘੁਲਣਸ਼ੀਲ ਸਲਫਰ ਦਾ ਛਿੜਕਾਅ ਅਤੇ ਬੇਰਾਂ ਦੇ ਪੱਤਿਆਂ ਦੇ ਕਾਲੇ ਨਿਸ਼ਾਨਾਂ ਦੀ ਬਿਮਾਰੀ ਨੂੰ ਕਾਬੂ ਕਰਨ ਲਈ ਬੂਟਿਆਂ ਉੱਪਰ ਬੋਰਡੋ ਮਿਸ਼ਰਣ 2: 2 : 250 ਦਾ ਛਿੜਕਾਅ ਕਰੋ । ਬੇਰਾਂ ਦੇ ਬਾਗਾਂ ਵਿਚ ਨਦੀਨਾਂ ਦੀ ਰੋਕਥਾਮ ਦੇ ਨਾਲ-ਨਾਲ ਫਲਾਂ ਦਾ ਕੇਰਾ ਘਟਾਉਣ ਅਤੇ ਝਾੜ ਵਿਚ ਵਾਧੇ ਲਈ ਝੋਨੇ ਦੀ ਪਰਾਲੀ ਦੀ ਘੱਟੋ-ਘੱਟ 10 ਸੈਂਟੀਮੀਟਰ ਮੋਟੀ ਤਹਿ ਵਿਛਾਉ । 5.0 ਟਨ ਪ੍ਰਤੀ ਏਕੜ ਦੀ ਯੂਰੀਆ ਖਾਦ ਦੀ ਦੂਜੀ ਕਿਸ਼ਤ ਪਾਉਣ ਤੋਂ ਬਾਅਦ ਵਰਤੋਂ ਕਰੋ । ਨਵੇਂ ਲਗਾਏ ਫਲਦਾਰ ਬੂਟਿਆਂ ਨੂੰ ਸਿੱਧਾ ਰੱਖਣ ਲਈ ਸੋਟੀਆਂ ਦਾ ਸਹਾਰਾ ਦਿਉ ਅਤੇ ਜੜ੍ਹ-ਮੁੱਢ ਤੋਂ ਨਿਕਲਦਾ ਫੁਟਾਰਾ ਲਗਾਤਾਰ ਤੋੜਦੇ ਰਹੋ । ਨਿੰਬੂ ਜਾਤੀ ਦੇ ਖਰੀਂਢ ਰੋਗ ਨੂੰ ਖਤਮ ਕਰਨ ਲਈ 50 ਗ੍ਰਾਮ ਸਟਰੈਪਟੋਸਾਈਕਲੀਨ 25 ਗ੍ਰਾਮ ਕੌਪਰ ਸਲਫੇਟ 500 ਲੀਟਰ ਪਾਣੀ ਵਿਚ ਪਾ ਕੇ ਛਿੜਕਾਅ ਕਰੋ । ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ । ਅੰਬਾਂ ਦੀ ਮਾਲਫਾਰਮੇਸ਼ਨ ਵਾਲੇ ਗੁੱਛੇ 15 ਸੈਂਟੀਮੀਟਰ ਨਰੋਈ ਸ਼ਾਖ ਸਮੇਤ ਕੱਟਕੇ ਬੂਟਿਆਂ ਉੱਤੇ 100 ਗ੍ਰਾਮ ਐਨ. ਏ. ਏ. ਦਾ ਛਿੜਕਾਅ ਕਰੋ । ਇਸ ਦਵਾਈ ਤੋਂ ਪਹਿਲਾਂ 200 ਮਿ. ਲੀ. ਅਲਕੋਹਲ ਵਿਚ ਘੋਲ ਕੇ ਫਿਰ 500 ਲੀਟਰ ਪਾਣੀ ਵਿਚ ਘੋਲ ਬਣਾਉ । ਸਟਾਰਅਬੈਰੀ ਦੀ ਪਨੀਰੀ ਇਸ ਮਹੀਨੇ ਖੇਤ ਵਿਚ ਲਗਾਈ ਜਾ ਸਕਦੀ ਹੈ ।

**ਸਬਜ਼ੀਆਂ** : 100 ਗ੍ਰਾਮ ਬੀਜ ਇਕ ਏਕੜ ਦੀ ਪਨੀਰੀ ਤਿਆਰ ਕਰਨ ਲਈ 100 ਗ੍ਰਾਮ ਦੋ ਮਰਲੇ (50 ਸੁਕੇਅਰ ਮੀਟਰ) ਵਿਚ ਬੀਜੋ । ਸਬਜ਼ੀਆਂ ਦੀ ਸਿੰਚਾਈ ਲੋੜ ਅਨੁਸਾਰ ਕਰੋ । ਫੁੱਲਗੋਭੀ ਦੀ ਮੁੱਖ ਸਮੇਂ ਦੀਆਂ ਕਿਸਮਾਂ ਦੀ ਪਨੀਰੀ ਖੇਤ ਵਿਚ ਲਗਾਉ । ਸਰਦੀਆਂ ਦੀ ਸਬਜ਼ੀਆਂ ਜਿਵੇਂ ਕਿ ਮੂਲੀ, ਗਾਜਰ, ਸ਼ਲਗਮ ਪਾਲਕ ਆਦਿ ਦੀ ਬਿਜਾਈ ਸ਼ੁਰੂ ਕੀਤੀ ਜਾ ਸਕਦੀ ਹੈ । ਗੋਭੀ ਦੀਆਂ ਅਗੇਤੀਆਂ ਕਿਸਮਾਂ ਦੇ ਬੀਜਾਂ ਦੀ ਬਿਜਾਈ ਮੁੱਖ ਖੇਤ ਵਿਚ ਕੀਤੀ ਜਾ ਸਕਦੀ ਹੈ । ਬੈਂਗਣ ਅਤੇ ਫੁੱਲਗੋਭੀ ਦੀ ਮੁੱਖ ਸਮੇਂ ਲਈ ਸਿਫਾਰਸ਼ ਕੀਤੀਆਂ ਕਿਸਮਾਂ ਦੀ ਪਨੀਰੀ ਮੁੱਖ ਖੇਤ ਵਿਚ ਲਗਾਓ । ਵੇਲਾਂ ਵਾਲੀਆਂ ਸਬਜ਼ੀਆਂ ਨੂੰ ਸਹਾਰਾ ਦਿਉ ਪਰ ਇਸ ਗੱਲ ਦਾ ਧਿਆਨ ਰੱਖੋ ਕਿ ਵੇਲਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ । ਆਲੂ ਦੀ ਫਸਲ ਦੀ ਬਿਜਾਈ ਲਈ ਰੋਗ ਮੁਕਤ ਸਿਹਤਮੰਦ ਬੀਜ ਦੀ ਵਰਤੋਂ ਕਰੋ । ਬਲੈਕ ਸਕ੍ਰਫ ਦੀ ਜਾਂਚ ਕਰਨ ਲਈ ਬੀਜ ਨੂੰ 100 ਲਿਟਰ ਪਾਣੀ ਵਿਚ ਸਿਸਟੀਵਾ @ 80 ਮਿਲੀਲਿਟਰ ਜਾਂ ਐਮੇਸਟੋ ਪ੍ਰਾਈਮ @ 83 ਮਿਲੀਲਿਟਰ ਜਾਂ ਮੋਨਸਰੇਨ @ 250 ਮਿਲੀਲਿਟਰ ਨਾਲ ਰੋਗਾਣੂ ਮੁਕਤ ਕਰੋ ।

**ਪਸ਼ੂ ਪਾਲਣ** : ਵਾਤਾਵਰਣ ਵਿਚ ਤਾਪਮਾਨ ਦੇ ਉਤਾਰ ਚੜਾਵ ਤੋਂ ਪਸ਼ੂਆਂ ਦਾ ਬਚਾਅ ਕਰਨਾ ਬਹੁਤ ਜ਼ਰੂਰੀ ਹੈ । ਸ਼ੈਡ ਅੰਦਰ ਪਰਾਲੀ ਜਾਂ ਰੇਤੇ ਦੀ ਸੁੱਕ ਪਾ ਦਿਉ ਤਾਂ ਕਿ ਅੰਦਰੋਂ ਸੁੱਕਾ ਅਤੇ ਨਿੱਘਾ ਰਹੇ । ਬਦਲਦੇ ਮੌਸਮ ਵਿਚ ਦੋਗਲੇ ਪਸ਼ੂਆਂ ਨੂੰ ਕਈ ਬਿਮਾਰੀਆਂ ਹੁੰਦੀਆਂ ਹਨ, ਇਸ ਲਈ ਇਨ੍ਹਾਂ ਦਾ ਖਾਸ ਖਿਆਲ ਰੱਖੋ । ਜੇ ਪਸ਼ੂ ਬਿਮਾਰ ਪੈ ਜਾਵੇ ਤਾਂ ਡਾਕਟਰ ਦੀ ਸਲਾਹ ਲਵੋ । ਤੰਦਰੁਸਤ ਪਸ਼ੂ ਸੂਣ ਤੋਂ 50-60 ਦਿਨਾਂ ਬਾਅਦ ਹੀਟ ਵਿਚ ਆਉਂਦਾ ਹੈ । ਸੋ ਉਸਨੂੰ ਹੀਠ ਦੀਆਂ ਨਿਸ਼ਾਨੀਆਂ ਲਈ ਗੌਰ ਨਾਲ ਵੇਖਸ ਅਤੇ ਆਸ ਕਰਵਾਉ ਜਾ ਮਸਨੂਈ ਗਰਭਦਾਨ ਦਾ ਟੀਕਾ ਲਗਵਾਉ ਤਾਂ ਜੋ ਦੋ ਸੂਇਆਂ ਦਾ ਵਿਚਕਾਰਲਾ ਫਰਕ ਘਟਾਇਆ ਜਾ ਸਕੇ । ਜੇਕਰ ਪਸ਼ੂ ਸ਼ਾਮੀ ਹੀਟ ਵਿਚ ਆਵੇ ਤਾਂ ਮਸਨੂਈ ਗਰਭਦਾਨ ਦਾ ਟੀਕਾ ਸਵੇਰੇ ਲਗਵਾਉ ਅਤੇ ਜੇ ਸਵੇਰੇ ਬੋਲੇ ਤਾਂ ਟੀਕਾ ਸ਼ਾਮ ਵੇਲੇ ਲਗਵਾ ਲਉ ।

## ਬਾਇਓਐਨਜ਼ਾਇਮ ਅਪਨਾਓ ਅਤੇ ਵਾਤਾਵਰਣ ਬਚਾਓ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਜੈਵਿਕ ਰਹਿੰਦ-ਖੂੰਹਦ ਤੋਂ ਬਾਇਓਐਨਜ਼ਾਇਮ ਤਿਆਰ ਕਰਨ ਲਈ ਹਰੀ ਤਕਨੀਕ ਦੀ ਸਿਫਾਰਸ਼ ਕੀਤੀ ਹੈ ਅਤੇ ਇਸਨੂੰ ''ਪੀ ਏ ਯੂ ਈਕੋਸੋਲ : ਇਕ ਫਰਮੈਂਟਡ ਆਰਗੈਨਿਕ ਕਲੀਜ਼ਰ'' ਦਾ ਨਾਮ ਦਿੱਤਾ ਹੈ । ਇਸ ਬਾਇਓਐਨਜ਼ਾਇਮ ਵਿਚ ਜਾਦੂਈ ਸੂਖਮ ਜੀਵਾਣੂੰਆਂ, ਉਹਨਾਂ ਦੇ ਪਾਚਕ ਅਤੇ ਹੋਰ ਮੈਟਾਬੋਲਾਈਟਸ ਦੀ ਬਹੁਤਾਤ ਹੁੰਦੀ ਹੈ, ਜੋ ਮਿੱਟੀ , ਪਾਣੀ, ਹਵਾ, ਧਰਤੀ ਹੇਠਲੇ ਪਾਣੀ ਨੂੰ ਬਚਾਉਣ ਅਤੇ ਸਮੁੱਚੇ ਵਾਤਾਵਰਣ ਵਿਚ ਸੁਧਾਰ ਕਰਨ ਲਈ ਇਕ ਵਰਦਾਨ ਸਾਬਤ ਹੁੰਦੇ ਹਨ । ਇਹ ਇਕ ਫਰਮੈਂਟ ਕੀਤਾ ਜੈਵਿਕ ਪਦਾਰਥ ਜਿਵੇਂ ਕਿ ਤਾਜ਼ੇ ਰਸੋਈ ਦੇ ਕੂੜੇ (ਫਲ ਅਤੇ ਸਬਜ਼ੀਆਂ ਦੇ ਛਿਲਕੇ), ਪੱਤੇ ਅਤੇ ਫੁੱਲ ਜਾਂ ਫਲਾਂ ਦੀ ਰਹਿੰਦ-ਖੂੰਹਦ ਆਦਿ ਤੋਂ ਪੈਦਾ ਕੀਤਾ ਜਾ ਸਕਦਾ ਹੈ । ਇਸ ਦੇ ਕੁਦਰਤੀ ਗੁਣਾਂ ਕਾਰਨ ਇਸ ਨੂੰ ਈਕੋ-ਐਨਜ਼ਾਈਮ (ਕੁਦਰਤੀ) ਦਾ ਨਾਮ ਦਿੱਤਾ ਜਾਂਦਾ ਹੈ ।

**ਵਿਸ਼ੇਸ਼ਤਾਵਾਂ ਅਤੇ ਵਰਤੋਂ** : ਇਸ ਗੂੜ੍ਹੇ ਭੂਰੇ ਤਰਲ ਵਿਚ ਇੱਕ ਮਜ਼ਬੂਤ ਮਿੱਠੀ-ਖਟਾਈ ਵਾਲੀ ਸੁਗੰਧ ਹੁੰਦੀ ਹੈ ਅਤੇ ਇਹ 100% ਜੈਵਿਕ, ਬਾਇਓਡੀਗ੍ਰੇਡੇਬਲ, ਐਂਟੀਬੈਕਟੀਰੀਅਲ, ਐਂਟੀਫੰਗਲ ਅਤੇ ਵਰਤਣ ਲਈ ਸੁਰੱਖਿਅਤ ਹੈ । ਬਾਇਓਐਨਜ਼ਾਇਮ ਦੇ ਬਹੁਤ ਸਾਰੇ ਉਪਯੋਗ ਹਨ ਜਿਵੇਂ ਕਿ ਘਰੇਲੂ ਪੱਧਰ 'ਤੇ ਖੇਤੀਬਾੜੀ ਵਿਚ, ਪਸ਼ੂ ਪਾਲਣ ਆਦਿ । ਇਸਦੀ ਵਰਤੋਂ ਘਰਾਂ ਵਿਚ ਬਾਥਰੂਮ, ਟਾਇਲਟ, ਫਰਸ਼ਾਂ ਨੂੰ ਸਾਫ ਕਰਨ ਲਈ ਵੀ ਕੀਤੀ ਜਾ ਸਕਦੀ ਹੈ । ਬਾਇਓਐਨਜ਼ਾਇਮ ਵਿਚ ਕੂੜੇ ਨੂੰ ਸੋਨੇ ਵਿਚ ਬਦਲਣ ਦੀ ਸਮਰੱਥਾ ਹੁੰਦੀ ਹੈ ਅਤੇ ਇਕ ਕੁਦਰਤੀ ਕੀੜੇ ਅਤੇ ਕੀੜੇ-ਮਕੌੜੇ, ਖਾਸ ਕਰਕੇ ਮੱਖੀਆਂ ਅਤੇ ਮੱਛਰਾਂ ਦੇ ਪ੍ਰਤੀਰੋਧੀ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ ਕਿਉਂਕਿ ਬਾਇਓਐਨਜ਼ਾਇਮ ਹਰੇ ਰਸਾਇਣਾਂ ਅਤੇ ਲਿਗਨੋਸੈਲੂਲੋਇਟਿਕ ਐਨਜ਼ਾਈਮ ਨਾਲ ਭਰਪੂਰ ਹੁੰਦੇ ਹਨ, ਇਸ ਲਈ ਇਸਦੀ ਵਰਤੋਂ ਚੰਗੀ ਗੁਣਵੱਤਾ ਵਾਲੀ ਖਾਦ ਤਿਆਰ ਕਰਨ ਲਈ ਵੀ ਕੀਤੀ ਜਾ ਸਕਦੀ ਹੈ ।

**ਵਰਤਣ ਦੇ ਢੰਗ** : ★ ਫਰਸ਼ ਦੀ ਸਫਾਈ ਲਈ 5 ਲੀਟਰ ਪਾਣੀ ਵਿਚ 1-2 ਢੱਕਣ ਪਾਓ । ★ ਟਾਇਲਟ ਅਤੇ ਵਾਸ਼ ਬੇਸਿਨ ਦੀ ਸਫਾਈ ਲਈ ਲੋੜ ਅਨੁਸਾਰ ਵਰਤੋਂ ਕਰੋ । ★ ਗਲਾਸ, ਮੇਜ਼, ਕੁਰਸੀਆਂ ਆਦਿ ਦੀ ਸਫਾਈ ਲਈ ਇਕ ਲੀਟਰ ਪਾਣੀ ਵਿਚ 10 ਮਿ.ਲਿ. ਵਰਤੋ । ★ ਬਾਕੀ ਜਗ੍ਹਾ ਦੀ ਸਫਾਈ ਅਨੁਸਾਰ ਮਾਤਰਾ ਘਟਾਈ ਜਾਂ ਵਧਾਈ ਜਾ ਸਕਦੀ ਹੈ ।

**ਉਪਲੱਧਤਾ** : ਇਹ ਬਾਇਓਐਨਜ਼ਾਇਮ ਮਾਈਕਰੋਬਾਇਓਲੋਜੀ ਵਿਭਾਗ, ਪੀਏਯੂ ਲੁਧਿਆਣਾ ਤੋਂ 30 ਰੁਪਏ (250 ਮਿਲੀਲੀਟਰ), 50 ਰੁਪਏ (500 ਮਿ.ਲਿ.), 90 ਰੁਪਏ (ਇਕ ਲੀਟਰ), 400 ਰੁਪਏ (5 ਲੀਟਰ), 6000 ਰੁਪਏ (100 ਲੀਟਰ) ਦੀਆਂ ਨਾਮਾਤਰ ਦਰਾਂ 'ਤੇ ਵੱਖ-ਵੱਖ ਆਕਾਰ ਦੀਆਂ ਬੋਤਲਾਂ ਵਿਚ ਪ੍ਰਾਪਤ ਕੀਤਾ ਜਾ ਸਕਦਾ ਹੈ ।

**ਹੋਰ ਜਾਣਕਾਰੀ ਲਈ ਸੰਪਰਕ ਕਰੋ** : ਮਾਈਕਰੋਬਾਇਓਲੋਜੀ ਵਿਭਾਗ, ਪੀਏਯੂ ਲੁਧਿਆਣਾ ।

**ਉਰਮਿਲਾ ਗੁਪਤਾ ਫੁਟੇਲਾ ਅਤੇ ਅਜੀਤ ਕੌਰ, ਮਾਈਕਰੋਬਾਇਓਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ, ਮੋ. 98787-17711**



# ਖੇਤੀਬਾੜੀ ਖੇਤਰ ਵਿਚ 'ਡਰੋਨ' ਦੀ ਭੂਮਿਕਾ

ਜਿੱਥੇ ਗਲਤ ਅਨਸਰਾਂ ਵੱਲੋਂ ਸਰਹੱਦੋਂ ਪਾਰ ਹਥਿਆਰਾਂ ਤੇ ਨਸ਼ਿਆਂ ਦੀ ਸਪਲਾਈ ਕਰਨ ਲਈ ਵਰਤੇ ਜਾਣ ਕਾਰਨ ਸੁਰੱਖਿਆ ਏਜੰਸੀਆਂ ਲਈ ਸਿਰਦਰਦੀ ਦਾ ਕਾਰਨ ਬਣ ਚੁੱਕੇ ਹਨ, ਉੱਥੇ ਡਰੋਨ ਦੀ ਵਰਤੋਂ ਖੇਤੀਬਾੜੀ ਖੇਤਰ 'ਚ ਕ੍ਰਾਂਤੀਕਾਰੀ ਕਦਮ ਸਿੱਧ ਹੋ ਸਕਦੀ ਹੈ। ਪੇਂਡੂ ਔਰਤਾਂ ਦੀ ਖੇਤੀ ਖੇਤਰ 'ਚ ਭਾਗੀਦਾਰੀ ਵਧਾਉਣ ਲਈ ਅਤੇ ਔਰਤਾਂ ਨੂੰ ਤਕਨੀਕੀ ਰੂਪ 'ਚ ਆਤਮ-ਨਿਰਭਰ ਬਣਾਉਣ ਲਈ ਕੇਂਦਰ ਸਰਕਾਰ ਨੇ 'ਨਮੋ ਡਰੋਨ ਦੀਦੀ' ਯੋਜਨਾ ਤਹਿਤ ਖੇਤੀਬਾੜੀ 'ਚ ਵਰਤੋਂ ਲਈ ਡਰੋਨ ਮੁਹੱਈਆ ਕਰਵਾਏ ਹਨ। ਡਰੋਨ ਖੇਤੀ ਖੇਤਰ ਲਈ ਕਿਨਾਂ ਕੁ ਸਹਾਈ ਹੋ ਸਕਦੇ ਹਨ ਇਹ ਜਾਨਣ ਤੋਂ ਪਹਿਲਾਂ ਨਮੋ ਡਰੋਨ ਦੀਦੀ ਯੋਜਨਾ ਸੰਬੰਧੀ ਸੰਖੇਪ ਵਿਚ ਜਾਣ ਲੈਣਾ ਜ਼ਰੂਰੀ ਹੋਵੇਗਾ। ਕੇਂਦਰ ਸਰਕਾਰ ਨੇ 28 ਨਵੰਬਰ, 2023 ਨੂੰ ਨਮੋ ਡਰੋਨ ਦੀਦੀ ਯੋਜਨਾ ਤਹਿਤ ਦੇਸ਼ 'ਚ 500 ਤੋਂ ਵੱਧ ਪੇਂਡੂ ਔਰਤਾਂ ਦੇ 'ਸੈਲਫ ਹੈਲਪ ਗਰੁੱਪਾਂ' ਨੂੰ ਡਰੋਨ ਦੇਣ ਦਾ ਫੈਸਲਾ ਕੀਤਾ ਸੀ, ਜਿਸ ਦੀ ਵਰਤੋਂ ਸਿਰਫ ਤੇ ਸਿਰਫ ਖੇਤੀਬਾੜੀ ਕੰਮਾਂ ਲਈ ਹੀ ਕੀਤੀ ਜਾ ਸਕਦੀ ਹੈ। 15 ਤੋਂ 20 ਔਰਤਾਂ ਦੇ 'ਸੈਲਫ ਹੈਲਪ ਗਰੁੱਪ' ਦੀ ਲੀਡਰ, ਜਿਸ ਨੂੰ ਡਰੋਨ ਦੀਦੀ ਦਾ ਨਾਂਅ ਦਿੱਤਾ ਗਿਆ ਹੈ, ਨੂੰ 15 ਦਿਨਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ, ਜਿਸ ਦੌਰਾਨ ਉਨ੍ਹਾਂ ਨੂੰ ਡਰੋਨ ਚਲਾਉਣ ਦੀ ਸਿਖਲਾਈ, ਡਰੋਨ ਦੀ ਸਾਂਭ-ਸੰਭਾਲ, ਫਸਲਾਂ ਦੀ ਨਿਗਰਾਨੀ, ਕੀਟਨਾਸ਼ਕਾਂ ਅਤੇ ਖਾਦਾਂ ਦੇ ਛਿੜਕਾਅ ਸੰਬੰਧੀ ਅਤੇ ਬੀਜਾਂ ਦੀ ਬੁਆਈ ਸੰਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ। ਸੂਬੇ 'ਚ ਫਸਲਾਂ 'ਤੇ ਕੀਟਨਾਸ਼ਕ ਦਵਾਈਆਂ ਅਤੇ ਖਾਦਾਂ ਦੀ ਵਰਤੋਂ ਵੱਡੀ ਪੱਧਰ 'ਤੇ ਕੀਤੀ ਜਾਂਦੀ ਹੈ। ਸੋ, ਖੇਤੀਬਾੜੀ 'ਚ ਡਰੋਨ ਦੀ ਵਰਤੋਂ ਇਕ ਕ੍ਰਾਂਤੀਕਾਰੀ ਕਦਮ ਸਿੱਧ ਹੋ ਸਕਦਾ ਹੈ। ਕੀਟਨਾਸ਼ਕ ਦਵਾਈਆਂ ਤੇ ਖਾਦਾਂ ਦੇ ਛਿੜਕਾਅ ਦੇ ਮੌਜੂਦਾ ਤਰੀਕੇ ਨਾਲ ਕੀਟਨਾਸ਼ਕ ਦਵਾਈਆਂ ਤੇ ਖਾਦਾਂ ਦਾ ਜ਼ਿਆਦਾ ਹਿੱਸਾ ਪ੍ਰਦੂਸ਼ਣ ਫੈਲਾਉਣ ਅਤੇ ਧਰਤੀ ਦੀ ਸਿਹਤ ਖਰਾਬ ਕਰਨ 'ਚ ਬੇਕਾਰ ਚਲਾ ਜਾਂਦਾ ਹੈ, ਜਦੋਂ ਕਿ ਡਰੋਨ ਨਾਲ ਛਿੜਕਾਅ ਕਰਨ ਨਾਲ ਕੀਟਨਾਸ਼ਕ ਦਵਾਈਆਂ ਅਤੇ ਖਾਦਾਂ ਦੀ ਵਰਤੋਂ ਦਾ 90 ਫੀਸਦੀ ਹਿੱਸਾ ਪੱਤਿਆਂ ਦੁਆਰਾ ਸਹੀ ਵਰਤੋਂ 'ਚ ਆ ਜਾਂਦਾ ਹੈ।

ਗੰਨਾ, ਮੱਕੀ, ਹਰਾ ਚਾਰਾ ਜਾਂ ਫਿਰ ਉੱਚੇ ਫਲ ਆਦਿ ਦੇ ਰੁੱਖ ਜਿਨ੍ਹਾਂ 'ਤੇ ਕੀਟਨਾਸ਼ਕ ਦਵਾਈਆਂ ਦਾ ਛਿੜਕਾਅ ਕਰਨਾ ਅਤਿ ਜੋਖਮ ਭਰਿਆ ਕੰਮ ਸੀ, ਹੁਣ ਡਰੋਨ ਦੀ ਵਰਤੋਂ ਨਾਲ ਕੀਟਨਾਸ਼ਕ ਦਵਾਈਆਂ ਦਾ ਛਿੜਕਾਅ ਕਰਨਾ ਸੌਖਾ ਹੋ ਗਿਆ ਹੈ। ਹੱਥਾਂ ਨਾਲ ਕੀਟਨਾਸ਼ਕ ਦਵਾਈਆਂ ਦਾ ਛਿੜਕਾਅ ਕਰਨ ਵਾਲੇ ਨੂੰ ਕੈਂਸਰ, ਫੇਫੜਿਆਂ ਅਤੇ ਚਮੜੀ ਸੰਬੰਧੀ ਰੋਗ ਲੱਗਣ ਦਾ ਡਰ ਬਣਿਆ ਰਹਿੰਦਾ ਹੈ। ਇਸ ਤੋਂ ਇਲਾਵਾ ਕਈ ਵਾਰ ਤਾਂ ਕੀਟਨਾਸ਼ਕ ਦਵਾਈਆਂ ਦਾ ਛਿੜਕਾਅ ਕਰਨ ਵਾਲੇ ਵਿਅਕਤੀ ਦੀ ਕੀਟਨਾਸ਼ਕ ਦਵਾਈ ਚੜ੍ਹਨ ਨਾਲ ਮੌਤ ਵੀ ਹੋ ਜਾਂਦੀ ਹੈ। ਸੋ ਡਰੋਨ ਨਾਲ ਛਿੜਕਾਅ ਕਰਨ 'ਤੇ ਅਜਿਹੇ ਸਾਰੇ ਖਤਰਿਆਂ ਤੋਂ ਬਚਾਅ ਹੋ ਸਕਦਾ ਹੈ। ਡਰੋਨ ਨਾਲ ਛਿੜਕਾਅ ਕਰਨ 'ਤੇ ਸਮੇਂ ਦੀ ਵੀ ਬੱਚਤ ਹੋ ਜਾਂਦੀ ਹੈ; ਕਿਉਂਕਿ ਇਕ ਏਕੜ ਫਸਲ 'ਤੇ ਛਿੜਕਾਅ ਕਰਨ ਲਈ ਸਮਾਂ 5 ਤੋਂ 7 ਮਿੰਟ ਹੀ ਲੱਗਦੇ ਹਨ। ਇਸ ਤੋਂ ਇਲਾਵਾ ਖਰਚਾ ਵੀ ਘੱਟ ਹੁੰਦਾ ਹੈ; ਕਿਉਂਕਿ ਡਰੋਨ ਦਾ ਕਿਰਾਇਆ 200 ਰੁਪਏ ਪ੍ਰਤੀ ਏਕੜ ਮਿੱਥਿਆ ਗਿਆ ਹੈ। ਡਰੋਨ ਨਾਲ ਫਸਲ 'ਤੇ ਇਕਸਾਰ ਛਿੜਕਾਅ ਹੋਣ ਨਾਲ ਕੀਟਨਾਸ਼ਕ ਦਵਾਈਆਂ ਦਾ ਅਸਰ ਵਧੇਰੇ ਹੋਣ ਨਾਲ ਫਸਲ ਦਾ ਝਾੜ ਵੀ ਵਧਦਾ ਹੈ। ਮੱਕੀ ਦੀ ਬਿਜਾਈ ਕਰਨ ਵਾਲੇ ਇਕ ਫਰੀਦਕੋਟ ਦੇ ਕਿਸਾਨ ਨੇ ਆਪਣਾ ਤਜਰਬਾ ਸਾਂਝਾ ਕਰਦਿਆਂ ਦੱਸਿਆਂ ਕਿ ਆਲਮੀ ਤਰੀਕੇ ਨਾਲ ਦੋ ਵਾਰ ਛਿੜਕਾਅ ਕਰਨ ਦੇ ਨਤੀਜੇ ਚੰਗੇ ਨਿਕਲੇ ਹਨ। ਡਰੋਨ ਨਾਲ ਛਿੜਕਾਅ ਕਰਨ ਨਾਲ ਖੇਤੀ ਦੀ ਲਾਗਤ ਘੱਟ ਅਤੇ ਉਤਪਾਦਨ ਜ਼ਿਆਦਾ ਹੁੰਦਾ ਹੈ। ਇਸ ਤੋਂ ਇਲਾਵਾ ਕਿਸਾਨਾਂ ਨੂੰ 'ਐਡਵਾਂਸ ਤਕਨਾਲੋਜੀ' ਨਾਲ ਜੁੜਨ ਦਾ ਵੀ ਮੌਕਾ ਮਿਲੇਗਾ। ਡਰੋਨ ਨਾਲ ਜ਼ਮੀਨ ਦੇ ਵੱਡੇ ਹਿੱਸੇ 'ਚ ਇੱਕੋ ਸਮੇਂ ਛਿੜਕਾਅ ਕਰਨਾ ਵੀ ਸੌਖਾ ਹੋ ਜਾਂਦਾ ਹੈ। ਦਾਣੇਦਾਰ ਯੂਰੀਆ ਅਤੇ ਡੀ ਏ ਪੀ ਖਾਦ ਦੀ ਜ਼ਿਆਦਾ ਵਰਤੋਂ ਧਰਤੀ ਦੀ ਸਿਹਤ ਲਈ ਖਤਰਨਾਕ ਸਿੱਧ ਹੋ ਰਹੀ ਹੈ, ਸੋ ਡਰੋਨ ਦੀ ਵਰਤੋਂ ਨਾਲ ਤਰਲ ਨੈਨੋ ਯੂਰੀਆ ਤੇ ਡੀ ਏ ਪੀ ਦਾ ਛਿੜਕਾਅ ਕਰਨ ਨਾਲ ਖਾਦਾਂ ਦੇ ਖਰਚ 'ਚ ਵੀ ਕਟੌਤੀ ਕੀਤੀ ਜਾ ਸਕਦੀ ਹੈ। ਖੇਤੀਬਾੜੀ ਲਈ ਡਰੋਨ ਦੀ ਵਰਤੋਂ ਆਧੁਨਿਕ ਖੇਤੀ ਵੱਲ ਇਕ ਢੁਕਵਾਂ ਤੇ ਸਹੀ ਕਦਮ ਸਿੱਧ ਹੋ ਸਕਦਾ ਹੈ, ਬਸ ਸ਼ਰਤ ਹੈ ਕਿ ਡਰੋਨ ਚਲਾਉਣ 'ਚ ਚੰਗੀ ਤਰ੍ਹਾਂ ਸਿਖਲਾਈ ਪ੍ਰਾਪਤ ਹੋਣੀ ਚਾਹੀਦੀ ਹੈ।

**ਕੇਵਲ ਸਿੰਗਲਾ,**
**ਮੋਬਾਈਲ** 98724-00467

-------- ਬਾਕੀ ਸਫਾ 3 ਦੀ --------

# ਇੰਝ ਕਰੋ, ਕੰਢੀ ਖੇਤਰ 'ਚ ਕਣਕ ਦੀ ਸਫਲ ਕਾਸ਼ਤ

22-25 ਸੈਂਟੀਮੀਟਰ ਰੱਖ ਕੇ ਕੀਤੀ ਜਾਵੇ। ਬਿਜਾਈ ਸਮੇਂ ਜੇਕਰ ਨਮੀਂ ਘੱਟ ਲੱਗੇ ਤਾਂ ਬੀਜ ਕੁਝ ਡੂੰਘਾ (8-10 ਸੈਂਟੀਮੀਟਰ) ਬੀਜੋ ਅਤੇ ਕਤਾਰਾਂ ਵਿਚਕਾਰ ਫਾਸਲਾ 30 ਸੈਂਟੀਮੀਟਰ ਕਰ ਲਵੋ।



**ਖਾਦਾਂ ਪਾਉਣ ਦਾ ਸਮਾਂ ਅਤੇ ਢੰਗ** : ਜੇਕਰ ਨਮੀ ਦੀ ਪੂਰੀ ਸੰਭਾਲ ਕੀਤੀ ਜਾਵੇ ਤਾਂ ਬਰਾਨੀ ਹਾਲਾਤਾਂ ਵਿਚ ਖਾਦਾਂ ਦੀ ਵਰਤੋਂ ਬਹੁਤ ਲਾਹੇਵੰਦ ਰਹਿੰਦੀ ਹੈ। ਕਣਕ ਤੋਂ ਚੰਗਾ ਝਾੜ ਪ੍ਰਾਪਤ ਕਰਨ ਲਈ ਰੇਤਲੀਆਂ ਅਤੇ ਚੀਕਣੀਆਂ ਭਲ ਵਾਲੀਆਂ ਜ਼ਮੀਨਾਂ (ਕਾਈ ਨਮੀਂ ਸੰਭਾਲ ਸਕਣ ਵਾਲੀਆਂ ) ਵਿਚ 32 ਕਿਲੋ ਨਾਈਟ੍ਰੋਜਨ (70 ਕਿਲੋ ਯੂਰੀਆ) ਅਤੇ 16 ਕਿਲੋ ਫਾਸਫੋਰਸ (100 ਕਿਲੋ ਸਿੰਗਲ ਸੁਪਰ ਫਾਸਫੇਟ) ਅਤੇ ਭਲ ਵਾਲੀਆਂ ਰੇਤਲੀਆਂ ਜ਼ਮੀਨਾਂ (ਘੱਟ ਨਮੀਂ ਸੰਭਾਲ ਸਕਣ ਵਾਲੀਆਂ) ਵਿਚ 16 ਕਿਲੋ ਨਾਈਟ੍ਰੋਜਨ (35 ਕਿਲੋਂ ਯੂਰੀਆ) ਅਤੇ 8 ਕਿਲੋ ਫਾਸਫੋਰਸ (50 ਕਿਲੋਂ ਸਿੰਗਲ ਸੁਪਰਫਾਸਫੇਟ) ਪ੍ਰਤੀ ਏਕੜ ਪਾਓ।

**ਨਦੀਨਾਂ ਦੀ ਰੋਕਥਾਮ** : ਕਣਕ ਵਿਚ ਨਦੀਨਾਂ ਦੀ ਰੋਕਥਾਮ ਦੋ ਗੋਡੀਆਂ ਨਾਲ ਕਰ ਸਕਦੇ ਹੋ। ਇਸ ਨਾਲ ਨਦੀਨਾਂ ਦੀ ਖਾਤਮਾ ਵੀ ਹੋਵੇਗਾ ਅਤੇ ਨਾਲ ਹੀ ਜ਼ਮੀਨ ਦੀ ਉਪਰਲੀ ਸਤ੍ਹਾ ਤੋਂ ਪਾਣੀ ਦਾ ਉੱਡਣਾ ਵੀ ਘਟੇਗਾ। ਇਸ ਨਾਲ ਜ਼ਮੀਨ ਵਿਚ ਨਮੀ ਬਰਕਰਾਰ ਰਹੇਗੀ।

**ਦਾਣੇ ਭਰਨ ਸਮੇਂ ਵਧਦੇ ਤਾਪਮਾਨ ਤੋਂ ਬਚਾਅ ਲਈ**

ਕਣਕ ਨੂੰ ਦਾਣੇ ਭਰਨ ਸਮੇਂ ਵੱਧ ਤਾਪਮਾਨ ਤੋਂ ਬਚਾਉਣ ਲਈ ਅਤੇ ਵੱਧ ਝਾੜ ਲੈਣ ਲਈ 2% ਪੋਟਾਸ਼ੀਅਮ ਨਾਈਟ੍ਰੇਟ (13:0:45)(4 ਕਿਲੋਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ ਨੂੰ 200 ਲਿਟਰ ਪਾਣੀ ਵਿਚ) ਦੇ ਦੋ ਛਿੜਕਾਅ (ਗੋਭ ਵਾਲਾ ਪੱਤਾ ਨਿਕਲਣ ਅਤੇ ਬੂਰ ਪੈਣ ਸਮੇਂ ਕਰੋ ਜਾਂ ਸੈਲੀਸਿਲਕ ਐਸਿਡ 15 ਗ੍ਰਾਮ 450 ਮਿਲੀਲਿਟਰ ਈਥਾਈਲ ਅਲਕੋਹਲ ਵਿਚ ਘੋਲਣ ਉਪਰੰਤ 200 ਲਿਟਰ ਪਾਣੀ ਵਿਚ ਘੋਲ ਕੇ ਦੋ ਛਿੜਕਾਅ (ਗੋਭ ਵਾਲਾ ਪੱਤਾ ਨਿਕਲਣ ਸਮੇਂ ਅਤੇ ਸਿੱਟੇ ਵਿਚ ਦੁੱਧ ਪੈਣ ਸਮੇ) ਕਰੋ।

ਬਾਕੀ ਸਫਾ 1 ਦੀ

# ਕਣਕ ਦੀ ਵਧੇਰੇ ਪੈਦਾਵਾਰ ਦੇ ਵਿਗਿਆਨਕ ਤਰੀਕੇ

**ਬੀਜ ਦੀ ਸੋਧ ਅਤੇ ਟੀਕਾ ਲਗਾਉਣਾ** : ਸਿਉਂਕ ਅਤੇ ਬੀਜ ਤੋਂ ਲੱਗਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਕੇਵਲ ਬੀਜ ਸੋਧ ਨਾਲ ਹੀ ਕੀਤੀ ਜਾ ਸਕਦੀ ਹੈ। ਬਿਜਾਈ ਤੋਂ ਪਹਿਲਾਂ ਕੀਤੀ ਸੋਧ ਨਾਲ ਰਸਾਇਣਿਕ ਦਵਾਈਆਂ ਦੀ ਮਾਤਰਾ ਘੱਟ ਵਰਤੀ ਜਾਂਦੀ ਹੈ ਜਿਸ ਨਾਲ ਮਿੱਟੀ ਅਤੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਵੀ ਬਚਾਇਆ ਜਾ ਸਕਦਾ ਹੈ। ਸਿਉਂਕ ਦੀ ਰੋਕਥਾਮ ਲਈ ਡਰਸਬਾਨ / ਰੂਬਾਨ / ਡਰਮਿਟ 20 ਈ ਸੀ (ਕਲੋਰਪਾਈਰੀਫਾਸ) 160 ਮਿ. ਲਿ. ਜਾਂ 80 ਮਿ. ਲਿ. ਨਿਉਨਿਕਸ 20 ਐਫ ਐਸ (ਇਮੀਡਾਕਲੋਪਰਿਡ+ਹੈਕਸਾਕੋਨਾਜ਼ੋਲ) ਪ੍ਰਤੀ ਏਕੜ 40 ਕਿਲੋ ਬੀਜ ਲਈ ਵਰਤਿਆ ਜਾ ਸਕਦਾ ਹੈ। ਸਿੱਟਿਆਂ ਅਤੇ ਪੱਤਿਆਂ ਦੀ ਕਾਂਗਿਆਰੀ ਬਿਮਾਰੀਆਂ ਦੀ ਰੋਕਥਾਮ ਲਈ ਪ੍ਰਤੀ 40 ਕਿਲੋ ਬੀਜ ਨੂੰ 15 ਮਿਲੀਲਿਟਰ ਰੈਕਸਲ ਈਜ਼ੀ/ਓਰੀਅਸ 6 ਐਫ ਐਸ (ਟੈਬੂਕੋਨਾਜ਼ੋਲ) ਨੂੰ 400 ਮਿਲੀਲਿਟਰ ਪਾਣੀ ਵਿਚ ਘੋਲ ਕੇ 40 ਕਿਲੋ ਬੀਜ ਨੂੰ ਸੋਧੋ ਜਾਂ 120 ਗ੍ਰਾਮ ਵੀਟਾਵੈਕਸ ਪਾਵਰ 75 ਡਬਲਯੂ ਐਸ (ਕਾਰਬੋਕਸਿਨ+ਟੈਟਰਾਮੀਥਾ ਈਲ ਥਾਈਯੂਰਮ ਡਾਈਸਲਫਾਈਡ) ਜਾਂ 80 ਗ੍ਰਾਮ ਵੀਟਾਵੈਕਸ 75 ਡਬਲਯੂ ਪੀ (ਕਾਰਬੋਕਸਿਨ) ਜਾਂ 40 ਗ੍ਰਾਮ ਟੈਬੂਸੀਡ/ਸੀਡੈਕਸ/ਐਕਸਜ਼ੋਲ 2 ਡੀ ਐਸ (ਟੈਬੂਕੋਨਾਜ਼ੋਲ) ਪ੍ਰਤੀ 40 ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ। ਕਣਕ ਦੇ 40 ਕਿਲੋ ਬੀਜ ਲਈ 500 ਗ੍ਰਾਮ ਕੌਂਸੋਰਸ਼ੀਅਮ ਨੂੰ 1 ਲਿਟਰ ਪਾਣੀ ਵਿਚ ਘੋਲ ਕੇ ਬੀਜ ਤੇ ਚੰਗੀ ਤਰ੍ਹਾਂ ਮਿਲਾ ਲਓ। ਬੀਜ ਸੋਧ ਅਤੇ ਟੀਕਾ ਲਗਾਉਂਦੇ ਸਮੇ ਕਿਸਾਨ ਵੀਰ ਧਿਆਨ ਦੇਣ ਕਿ ਬੀਜ ਨੂੰ ਪਹਿਲਾਂ ਕੀਟਨਾਸ਼ਕ ਫਿਰ ਉੱਲੀ ਨਾਸ਼ਕ ਅਤੇ ਅਖੀਰ ਵਿਚ ਦਵਾਈਆਂ ਨਾਲ ਸੋਧਣ ਤੋਂ 6 ਘੰਟੇ ਬਾਅਦ ਜੀਵਾਣੂੰ ਟੀਕੇ ਨਾਲ ਸੋਧਣ। ਬੀਜ ਨੂੰ ਟੀਕਾ ਬਿਜਾਈ ਤੋਂ ਅੱਧਾ ਘੰਟਾ ਪਹਿਲਾਂ ਲਗਾਓ ਅਤੇ ਬੀਜ ਨੂੰ ਛਾਂ ਵਿਚ ਸੁਕਾਓ ਅਤੇ ਓਸੇ ਸਮੇਂ ਬਿਜਾਈ ਕਰ ਦਿਓ।

**ਖਾਦਾਂ ਦੀ ਵਰਤੋਂ** : ਮਿੱਟੀ ਦੀ ਪਰਖ ਦੇ ਅਨੁਸਾਰ ਹੀ ਖਾਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਮਿੱਟੀ ਦੀ ਗੁਣਵੱਤਾ ਵਧਾਉਣ ਲਈ ਜੈਵਿਕ ਖਾਦਾਂ ਜਿਵੇਂ ਕਿ ਰੂੜੀ ਦੀ ਖਾਦ (10 ਟਨ ਪ੍ਰਤੀ ਏਕੜ) ਜਾਂ ਮੁਰਗੀਆਂ ਦੀ ਖਾਦ (2.5 ਟਨ ਪ੍ਰਤੀ ਏਕੜ) ਜਾਂ ਹਰੀ ਖਾਦ ਜਿਵੇਂ ਕਿ ਢੈਂਚਾ ਜਾਂ ਸਣ ਜਾਂ ਚੌਲਾਂ ਦੀ ਫੱਕ ਦੀ ਸੁਆਹ ਜਾਂ ਗੰਨਿਆਂ ਦੇ ਪੀੜ ਦੀ ਸੁਆਹ (4 ਟਨ ਪ੍ਰਤੀ ਏਕੜ) ਦੀ ਵਰਤੋਂ ਕਰਨੀ ਚਾਹੀਦੀ ਹੈ।

**ਖਾਦ ਪ੍ਰਬੰਧ** : ਦਰਮਿਆਨੀਆਂ ਜ਼ਮੀਨਾਂ ਵਿਚ ਰਵਾਇਤੀ ਬਿਜਾਈ ਲਈ 90 ਕਿਲੋ ਯੂਰੀਆ ਅਤੇ 55 ਕਿਲੋ ਡੀ ਏ ਪੀ ਅਤੇ ਹੈਪੀ ਸੀਡਰ/ਸੁਪਰ ਸੀਡਰ ਨਾਲ ਬੀਜੀ ਕਣਕ ਨੂੰ 65 ਕਿਲੋ ਡੀ ਏ ਪੀ ਅਤੇ 90 ਕਿਲੋ ਯੂਰੀਆ ਪ੍ਰਤੀ ਏਕੜ ਪਾਉਣੀ ਚਾਹੀਦੀ ਹੈ। ਬਿਜਾਈ ਵੇਲੇ ਸਾਰੀ ਫਾਸਫੋਰਸ ਕੇਰ ਦਿਓ ਅਤੇ ਅੱਧੀ ਯੂਰੀਆ ਪਹਿਲੇ ਪਾਣੀ ਅਤੇ ਬਚਦੀ ਅੱਧੀ ਯੂਰੀਆ ਦੂਜੇ ਪਾਣੀ ਤੋਂ ਪਹਿਲਾਂ ਵੇਲੇ ਛੱਟੇ ਨਾਲ ਪਾਓ। ਕਲਰਾਠੀਆਂ ਜ਼ਮੀਨਾਂ ਵਿਚ 25 ਪ੍ਰਤੀਸ਼ਤ ਵਧੇਰੇ ਯੂਰੀਆ ਖਾਦ ਪਾਓ ਅਤੇ ਜੈਵਿਕ ਖਾਦਾਂ ਤੋਂ ਬਾਅਦ ਕਣਕ ਦੀ ਫਸਲ ਨੂੰ 25 ਪ੍ਰਤੀਸ਼ਤ ਘਟਾ ਕੇ ਯੂਰੀਆ ਪਾਓ।

**ਸਿੰਚਾਈ ਦਾ ਸਮਾਂ** : ਕਣਕ ਦੀ ਬਿਜਾਈ ਭਰਵੀਂ ਰੌਣੀ ਕਰਕੇ ਕਰਨੀ ਚਾਹੀਦੀ ਹੈ। ਜੇਕਰ ਝੋਨੇ ਦੀ ਫਸਲ ਕੱਟਣ ਵਿਚ ਦੇਰੀ ਹੋ ਰਹੀ ਹੋਵੇ ਤਾਂ ਕਣਕ ਦੀ ਸਮੇਂ ਸਿਰ ਬਿਜਾਈ ਲਈ ਖੜੇ ਝੋਨੇ ਵਿਚ ਕਟਾਈ ਤੋਂ 5-10 ਦਿਨ (ਜ਼ਮੀਨ ਅਨੁਸਾਰ) ਪਹਿਲਾਂ ਹੀ ਰੌਣੀ ਵਾਲੀ ਪਾਣੀ ਲਗਾ ਦੇਣਾ ਚਾਹੀਦਾ



ਹੈ। ਪਹਿਲਾ ਪਾਣੀ ਬਿਜਾਈ ਤੋਂ ਬਾਅਦ ਹਲਕਾ ਲਾਉਣਾ ਚਾਹੀਦਾ ਹੈ। ਅਕਤੂਬਰ ਵਿਚ ਬੀਜੀ ਕਣਕ ਨੂੰ ਪਹਿਲਾ ਪਾਣੀ ਤਿੰਨ ਹਫਤਿਆਂ ਬਾਅਦ ਜਦ ਕਿ ਨਵੰਬਰ ਬੀਜੀ ਕਣਕ ਨੂੰ ਚਾਰ ਹਫਤਿਆਂ ਲਗਾਉਣਾ ਚਾਹੀਦਾ ਹੈ। ਜੇਕਰ ਮਾਰਚ ਵਿਚ ਤਾਪਮਾਨ ਇਕਦਮ ਵੱਧ ਜਾਂਦਾ ਹੈ ਤਾਂ ਫਸਲ ਨੂੰ ਇਹ ਪਾਣੀ ਲਾ ਦੇਣਾ ਚਾਹੀਦਾ ਹੈ। ਸਿੰਚਾਈ ਜ਼ਮੀਨ ਅਤੇ ਮੌਸਮ ਦੇ ਮੁਤਾਬਕ 2-3 ਦਿਨ ਅੱਗੇ-ਪਿੱਛੇ ਕੀਤੀ ਜਾ ਸਕਦੀ ਹੈ। ਪਾਣੀ ਦੀ ਸੁਚੱਜੀ ਵਰਤੋਂ ਲਈ ਭਾਰੀਆਂ ਜ਼ਮੀਨਾਂ ਵਿਚ 8 ਕਿਆਰੇ ਅਤੇ ਹਲਕੀਆਂ ਜ਼ਮੀਨਾਂ ਵਿਚ 16 ਕਿਆਰੇ ਪਾਉਣੇ ਚਾਹੀਦੇ ਹਨ।

**ਕਣਕ ਨੂੰ ਗਰਮੀ ਦੇ ਤਣਾਅ ਤੋਂ ਬਚਾਉਣਾ** : ਕਣਕ ਨੂੰ ਅਖੀਰਲੇ ਗਰਮੀ ਦੇ ਤਣਾਅ ਤੋਂ ਬਚਾਉਣ ਲਈ 4 ਕਿਲੋ 200 ਲਿਟਰ ਪਾਣੀ ਵਿਚ ਪੋਟਾਸ਼ੀਅਮ ਨਾਈਟ੍ਰੇਟ (13:0:45) ਦਾ ਘੋਲ ਤਿਆਰ ਕਰਕੇ ਇਸਦੇ ਦੋ ਛਿੜਕਾਅ ਸਮੇਂ ਤੇ ਦੂਜਾ ਬੂਰ ਪੈਣ ਸਮੇਂ ਕਰਨੇ ਚਾਹੀਦੇ ਹਨ ਜਾਂ 15 ਗ੍ਰਾਮ ਸੈਲੀਸੀਲਕ ਏਸਿਡ ਨੂੰ 450 ਮਿ.ਲਿ. ਸਪਿਰਟ ਵਿਚ ਘੋਲ ਕੇ ਫਿਰ ਉਸਦਾ 200 ਲਿਟਰ ਪਾਣੀ ਘੋਲ ਤਿਆਰ ਕਰਕੇ ਛਿੜਕਾਅ ਕਰੋ। ਇਸਦਾ ਪਹਿਲਾ ਛਿੜਕਾਅ ਸਿੱਟੇ ਨਿਕਲਣ ਸਮੇਂ ਤੇ ਦੂਜਾ ਦਾਣੇ ਦੋਧੇ ਪੈਣ ਸਮੇਂ ਸ਼ਾਮ ਨੂੰ ਕਰੋ। ਇਹਨਾਂ ਰਸਾਇਣਾਂ ਦੀ ਵਰਤੋਂ ਪੱਤੇ ਲੰਮੇ ਸਮੇਂ ਤੱਕ ਹਰੇ ਰਹਿੰਦੇ ਹਨ ਜਿਸ ਕਰਕੇ ਫਸਲ ਲੰਮਾ ਸਮਾਂ ਲੈ ਕੇ ਵਧੀਆ ਤਰੀਕੇ ਨਾਲ ਪੱਕ ਕੇ ਤਿਆਰ ਹੁੰਦੀ ਅਤੇ ਨਤੀਜੇ ਵਜੋਂ ਦਾਣਿਆਂ ਦੇ ਵਜ਼ਨ ਅਤੇ ਪ੍ਰਤੀ ਸਿੱਟਾ ਦਾਣਿਆਂ ਦੀ ਗਿਣਤੀ ਵਿਚ ਵਾਧਾ ਹੋਣ ਕਾਰਨ ਕਣਕ ਦੇ ਝਾੜ ਵਿਚ ਵਾਧਾ ਹੁੰਦਾ ਹੈ।

# ਨਵੰਬਰ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ । **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ

ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ।

**ਸ਼ਹਿਦ ਦੀਆਂ ਮੱਖੀਆਂ ਪਾਲਣਾ** : ਜੇ ਸ਼ਹਿਦ-ਮੱਖੀਆਂ ਦੇ ਕਟੁੰਬਾਂ ਵਿੱਚ ਡਰੋਨ ਬਰੂਡ ਪਲ ਰਿਹਾ ਹੈ ਅਤੇ ਜਵਾਨ ਡਰੋਨ ਮੱਖੀਆਂ ਮੌਜੂਦ ਹਨ, ਤਾਂ ਸ਼ਹਿਦ ਦੀਆਂ ਮੱਖੀਆਂ ਦੇ ਕਟੁੰਬਾਂ ਦੀ ਗਿਣਤੀ ਵਧਾਉਣ ਲਈ ਅਤੇ/ਜਾਂ ਪੁਰਾਣੀਆਂ ਰਾਣੀ ਮੱਖੀਆਂ ਤਬਦੀਲ ਕਰਨ ਲਈ ਇਸ ਮਹੀਨੇ ਦੇ ਸ਼ੁਰੂ ਤੋਂ ਹੀ ਤੋਰੀਏ/ਸਰ੍ਹੋਂ ਦੀ ਫਸਲ ਤੇ ਰਾਣੀ ਮੱਖੀਆਂ ਤਿਆਰ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ।



ਅਗਾਂਹਵਧੂ ਸ਼ਹਿਦ ਮੱਖੀ ਪਾਲਕ ਉਪਰੋਕਤ ਮੰਤਵ ਲਈ ਪੀ ਏ ਯੂ ਦੀ ਸਮੂਹਿਕ ਸਮਕਾਲੀ ਰਾਣੀ ਮੱਖੀਆਂ ਤਿਆਰ ਕਰਨ ਦੀ ਤਕਨੀਕ ਅਪਨਾਉਣ। ਰਾਣੀ ਮੱਖੀਆਂ ਸਿਰਫ ਚੰਗੇ ਗੁਣਾਂ ਵਾਲੇ ਚੋਣਵੇਂ ਕਟੁੰਬਾਂ ਤੋਂ ਹੀ ਤਿਆਰ ਕਰਵਾਉ। ਕਟੁੰਬਾਂ ਨੂੰ ਤੋਰੀਏ/ਸਰ੍ਹੋਂ ਦੀ ਫਸਲ ਤੋਂ ਵੱਧ ਸ਼ਹਿਦ ਦੀ ਪੈਦਾਵਾਰ ਲਈ ਤਕੜਾ ਰੱਖੋ। ਵਧੇਰੇ ਨੈਕਟਰ ਅਤੇ ਪਰਾਗ ਦੀ ਆਮਦ ਅਤੇ ਬਰੂਡ ਪਲਣ ਦੇ ਮੱਦੇ-ਨਜ਼ਰ ਕਟੁੰਬ ਅੰਦਰ ਤਰਜ਼ੀਹ ਦੇ ਤੌਰ ਤੇ ਬਣੇ ਬਣਾਏ ਖਾਲੀ ਛੱਤੇ ਨਹੀਂ ਤਾਂ ਮੋਮੀ ਛੱਤਿਆਂ ਵਾਲੀਆਂ ਫਰੇਮਾਂ ਲੋੜੀਂਦੀ ਥਾਂ ਦੀ ਪੂਰਤੀ ਵਜੋਂ ਦਿਉ। ਬਾਹਰੀ ਪ੍ਰਜੀਵੀ ਬਰੂਡ ਮਾਈਟ ਟਰੋਪਲੀਲੈਪਸ ਕਲੈਰੀ ਦੇ ਹਮਲੇ ਦੀ ਹੋਂਦ ਵਿੱਚ ਛੱਤਿਆਂ ਦੇ ਉਪਰਲੇ ਡੰਡਿਆਂ (ਟੌਪ ਬਾਰ) ਉੱਤੇ ਗੰਧਕ ਦਾ ਧੂੜਾ 1 ਗ੍ਰਾਮ ਜਾਂ ਫਾਰਮਿਕ ਐਸਿਡ (85%) 5 ਮਿਲੀਲਿਟਰ ਹਰ ਰੋਜ਼ ਦੇ ਹਿਸਾਬ ਨਾਲ ਲਗਾਤਾਰ ਦੋ ਹਫਤੇ ਵਰਤੋ, ਪਰ ਫਾਰਮਿਕ ਐਸਿਡ ਨੂੰ ਨੈਕਟਰ ਆਮਦ ਦੇ ਦੌਰਾਨ ਨਹੀਂ ਵਰਤਣਾ। ਵਰੋਆ ਚਿੱਚੜੀ ਦਾ ਜ਼ਿਆਦਾ ਹਮਲਾ ਹੋਣ ਦੀ ਸੂਰਤ ਵਿੱਚ ਫਾਰਮਿਕ ਐਸਿਡ ਦੀ ਵਰਤੋਂ ਦੇ ਨਾਲ ਬੰਦ ਡਰੋਨ ਬਰੂਡ ਵਾਲੇ ਛੱਤਿਆਂ ਦੇ ਹਿੱਸਿਆਂ ਨੂੰ ਕੱਟ ਕੇ ਨਸ਼ਟ ਕਰਨਾ, ਚਿੱਚੜੀ ਨੂੰ ਡਰੋਨ ਬਰੂਡ ਵਾਲੇ ਛੱਤਿਆਂ ਤੇ ਟਰੈਪ ਕਰਕੇ ਇਨ੍ਹਾਂ ਨੂੰ ਨਸ਼ਟ ਕਰਨਾ ਅਤੇ ਬੌਟਮ ਬੋਰਡ ਉੱਤੇ ਚਿਪਕਣ ਵਾਲਾ ਕਾਗਜ਼ (ਸਟਿੱਕਰ) ਰੱਖਣਾ, ਇਸ ਚਿੱਚੜੀ ਦੀ ਰੋਕਥਾਮ ਵਾਸਤੇ ਸਹਾਈ ਹੁੰਦੇ ਹਨ। ਛੱਤਿਆਂ ਦੇ ਵਿਚਾਲੇ ਦੇਰ ਸ਼ਾਮ ਵੇਲੇ 15 ਗ੍ਰਾਮ ਬਹੁਤ ਹੀ ਪੀਸੀ ਖੰਡ ਦਾ ਪ੍ਰਤੀ 10 ਫਰੇਮ ਕਟੁੰਬ ਵਿੱਚ ਤਿੰਨ-ਤਿੰਨ ਦਿਨ ਦੇ ਵਕਫੇ ਤੇ 7-8 ਵਾਰ ਇਕਸਾਰ ਧੂੜ ਕੇ ਵੀ ਇਸ ਚਿੱਚੜੀ ਦੀ ਰੋਕਥਾਮ ਹੋ ਸਕਦੀ ਹੈ। ਐਗਜ਼ੋਲਿਕ ਐਸਿਡ ਦਾ ਖੰਡ ਦੇ ਘੋਲ ਦੇ 60% ਘੋਲ ਵਿੱਚ 4.2% ਦਾ ਘੋਲ ਤਿਆਰ ਕਰਕੇ, ਇਸ ਦੀ ਦੇਰ ਸ਼ਾਮ ਨੂੰ 5 ਮਿਲੀਲਿਟਰ ਹਰ ਦੋ ਛੱਤਿਆਂ ਦੇ ਵਿਚਕਾਰ ਦੀ ਮੱਖੀ-ਜਗ੍ਹਾ ਰਾਹੀਂ ਸਰਿੰਜ ਨਾਲ ਹਫਤੇ-ਹਫਤੇ ਦੇ ਵਕਫੇ ਤੇ ਤਿੰਨ ਵਾਰ ਵਰਤਣ ਨਾਲ ਵੀ, ਇਸ ਚਿੱਚੜੀ ਦੀ ਰੋਕਥਾਮ ਵਾਸਤੇ ਸਹਾਈ ਹੋ ਸਕਦੀ ਹੈ। ਕਟੁੰਬਾਂ ਵਿੱਚ ਢੁਕਵੀਂ ਵਿੱਥ ਰੱਖ ਕੇ ਅਤੇ ਸ਼ਹਿਦ ਸਿਰਫ ਸੁਪਰਾਂ ਵਿੱਚੋਂ ਕੱਢ ਕੇ, ਜੋ ਕਿ ਰਾਣੀ ਨਿਖੇੜੂ ਜਾਲੀ ਦੁਆਰਾ ਬਰੂਡ ਚੈਂਬਰ ਨਾਲੋਂ ਅੱਡ ਕੀਤੇ ਹੋਣ, ਮੱਖੀ ਫਾਰਮ ਵਿੱਚ ਇਸ ਚਿੱਚੜੀ ਦੇ ਫੈਲਾਅ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਬਰੂਡ ਬੀਮਾਰੀਆਂ ਬਾਰੇ ਸੁਚੇਤ ਰਹੋ ਅਤੇ ਇਨ੍ਹਾਂ ਦੇ ਹੋਣ ਦੇ ਸ਼ੱਕ ਦੀ ਸੂਰਤ ਵਿੱਚ ਮਾਹਿਰਾਂ ਦੀ ਸਲਾਹ ਲਉ ਅਤੇ ਇਨ੍ਹਾਂ ਦੀ ਰੋਕਥਾਮ ਲਈ



ਸੁਝਾਏ ਉਪਰਾਲੇ ਕਰੋ। ਤੋਰੀਏ/ਸਰ੍ਹੋਂ ਤੋਂ ਪੈਦਾ ਪੱਕਿਆ (ਸੀਲ) ਸ਼ਹਿਦ ਕੱਢ ਲਵੋ। ਜੇ ਇਲਾਕੇ ਵਿੱਚ ਤੋਰੀਏ ਦੀ ਫਸਲ ਨਹੀਂ ਬੀਜੀ ਗਈ ਅਤੇ ਸਰ੍ਹੋਂ ਦੇ ਇਲਾਕੇ ਵਿੱਚ ਹਿਜ਼ਰਤ ਨਹੀਂ ਕੀਤੀ ਗਈ, ਅਤੇ ਸਫੈਦੇ ਦੇ ਫੁੱਲ ਪੈਣੇ ਅਜੇ ਸ਼ੁਰੂ ਨਹੀਂ ਹੋਏ ਜਾਂ ਕਟੁੰਬਾਂ ਵਿੱਚ ਖੁਰਾਕ ਨਾ ਹੋਣ ਦੀ ਸੂਰਤ ਵਿੱਚ ਲੋੜ ਅਨੁਸਾਰ ਖੰਡ ਦਾ ਗਾੜ੍ਹਾ ਘੋਲ (ਖੰਡ : ਪਾਣੀ = 2 : 1) ਸ਼ਹਿਦ ਮੱਖੀਆਂ ਦੇ ਕਟੁੰਬਾਂ ਨੂੰ ਦਿਉ। ਰੌਬਿੰਗ (ਮੱਖੀਆਂ ਦੁਆਰਾ ਖੁਰਾਕ ਦੀ ਲੁੱਟ) ਦੀ ਸਮੱਸਿਆ ਤੋਂ ਬਚਣ ਲਈ ਸ਼ਹਿਦ ਕੱਢਣ ਦੌਰਾਨ ਖੁਰਾਕ ਦੇਣ ਵੇਲੇ ਸਾਰੇ ਸਬੰਧਿਤ ਲੋੜੀਂਦੇ ਇਹਤਿਆਤ ਵਰਤੋ। ਨਵੰਬਰ ਦੇ ਅੰਤ ਤੱਕ ਸਾਰੇ ਕਟੁੰਬ ਧੁੱਪ ਵਿੱਚ ਰੱਖ ਦਿਉ। ਕਟੁੰਬਾਂ ਨੂੰ ਆਉਣ ਵਾਲੇ ਸਮੇਂ ਵਿੱਚ ਠੰਢੀਆਂ ਹਵਾਵਾਂ ਤੋਂ ਬਚਾਉਣ ਅਤੇ ਸਰਦੀ ਦੀ ਪੈਕਿੰਗ ਦੇਣ ਦੇ ਉਪਰਾਲੇ ਕਰੋ।



**ਖੁੰਬਾਂ ਦੀ ਕਾਸ਼ਤ** : ਬਟਨ ਖੁੰਬਾਂ ਦੇ ਪੂਰੀ ਤਰ੍ਹਾਂ ਸਫੈਦ ਰੇਸ਼ੇ ਫੈਲਣ ਤੋਂ ਬਾਅਦ, ਅਖਬਾਰਾਂ ਦੀ ਪਰਤ ਨੂੰ ਹਟਾ ਕੇ ਸਿਫਾਰਿਸ਼ ਅਨੁਸਾਰ ਇੱਕ ਤੋਂ ਡੇਢ ਇੰਚ ਮੋਟੀ ਕੇਸਿੰਗ ਮਿੱਟੀ (ਰੂੜੀ ਖਾਦ ਅਤੇ ਰੇਤਲੀ ਮਿੱਟੀ) ਦੀ ਪਰਤ ਨਾਲ ਢੱਕ ਦਿਉ। ਜੇਕਰ ਖੁੰਬਾਂ ਮੋਮੀ ਲਿਫਾਫਿਆਂ ਵਿਚ ਲਗਾਈਆਂ ਹਨ ਤਾਂ ਲਿਫਾਫਿਆਂ ਦੇ ਸਿਰੇ ਖੋਲ ਦਿਓ ਅਤੇ ਸਿਫਾਰਿਸ਼ ਅਨੁਸਾਰ ਇੱਕ ਤੋਂ ਡੇਢ ਇੰਚ ਮੋਟੀ ਕੇਸਿੰਗ ਮਿੱਟੀ ਦੀ ਪਰਤ ਨਾਲ ਢੱਕ ਦਿਉ। ਕੇਸਿੰਗ ਕੀਤੇ ਹੋਏ ਬੈੱਡਾਂ ਉੱਪਰ ਹਰ ਰੋਜ਼ ਪਾਣੀ ਦਾ ਛਿੜਕਾਅ ਕਰੋ। ਕੇਸਿੰਗ ਕਰਨ ਤੋਂ ਬਾਅਦ ਹਵਾ ਦਾ ਆਦਾਨ-ਪ੍ਰਦਾਨ ਲਈ ਖੁੰਬ ਘਰ ਦੇ ਖਿੜਕੀਆਂ ਅਤੇ ਦਰਵਾਜ਼ੇ ਹਰ ਰੋਜ਼ 6-8 ਘੰਟਿਆਂ ਲਈ ਖੋਲ੍ਹੋ। ਕੇਸਿੰਗ ਤੋਂ ਦੋ ਹਫਤੇ ਬਾਅਦ ਚਿੱਟੇ ਕਿਣਕੇ ਬੈਡੌਂ ਦੀ ਸਤਹ ਤੇ ਉਭਰਨੇ ਸ਼ੁਰੂ ਹੋ ਜਾਂਦੇ ਹਨ ਜੋ ਬਾਅਦ ਵਿੱਚ ਖੁੰਬਾਂ ਦਾ ਆਕਾਰ ਲੈ ਲੈਂਦੇ ਹਨ। ਇਸ ਮਹੀਨੇ ਦੇ ਦੌਰਾਨ ਤੂੜੀ ਦੀ ਵਰਤੋਂ ਨਾਲ ਢੀਂਗਰੀ ਖੁੰਬ ਦੀ ਕਾਸ਼ਤ ਵੀ ਕੀਤੀ ਜਾ ਸਕਦੀ ਹੈ।

**ਪਸ਼ੂ ਪਾਲਣ : (ਡੇਅਰੀ ਫਾਰਮਿੰਗ)** : ਪਸ਼ੂਆਂ ਨੂੰ ਹੇਹੇ ਵਾਸਤੇ ਸਵੇਰੇ-ਸ਼ਾਮ ਗਹੁ ਨਾਲ ਦੇਖਣਾ ਚਾਹੀਦਾ ਹੈ। ਜੇ ਤਾਰਾਂ ਸਾਫ ਹੋਣ ਤਾਂ ਗਾਂਵਾਂ 12 ਤੋਂ 18 ਘੰਟੇ ਬਾਅਦ ਅਤੇ ਮੱਝਾਂ ਵਿਚ 18 ਤੋਂ 24 ਘੰਟੇ ਬਾਅਦ ਮਸਨੂਈ ਗਰਭਦਾਨ/ਆਸ ਕਰਵਾਉ। 18-21 ਦਿਨ ਬਾਅਦ ਦੁਬਾਰਾ ਹੇਹੇ ਵਾਸਤੇ ਵੇਖੋ। ਆਸ ਹੋਣ ਤੋਂ ਢਾਈ-ਤਿੰਨ ਮਹੀਨੇ ਬਾਅਦ ਪਸ਼ੂ ਦੀ ਗਰਭ ਵਾਸਤੇ ਪਰਖ ਕਰਵਾਉ। ਸ਼ੈੱਡ ਅੰਦਰ ਪਰਾਲੀ ਜਾਂ ਰੇਤ ਦੀ ਸੁੱਕ ਪਾ ਦਿਓ ਤਾਂ ਕਿ ਇਹ ਅੰਦਰੋਂ ਸੁੱਕਾ ਅਤੇ ਨਿੱਘਾ ਰਹੇ। ਕੱਟੜੂ/ਵੱਛੜੂ ਨੂੰ 15 ਦਿਨ ਦੀ ਉਮਰ ਤੇ ਮਲ੍ਹੱਪ ਰਹਿਤ ਕਰਨ ਲਈ ਪਪਰਾਜ਼ੀਨ ਦਵਾਈ 5 ਮਿਲੀਲਿਟਰ ਪ੍ਰਤੀ 10 ਕਿਲੋ ਸਰੀਰਕ ਭਾਰ ਅਨੁਸਾਰ ਦਿਓ, ਇਕ ਮਹੀਨੇ ਦੀ ਉਮਰ ਤੱਕ ਹਰ ਹਫਤੇ ਦੁਹਰਾਉਂਦੇ ਰਹੋ। 6 ਮਹੀਨੇ ਦੀ ਉਮਰ ਤੱਕ ਹਰ ਮਹੀਨੇ ਦੀ ਉਮਰ ਤੱਕ ਹਰ ਮਹੀਨੇ ਅਤੇ ਇਸ ਤੋਂ ਬਾਅਦ ਹਰ 3 ਮਹੀਨੇ ਬਾਅਦ ਮਾਹਰ ਦੀ ਸਲਾਹ ਨਾਲ ਦਵਾਈ ਬਦਲ-ਬਦਲ ਕੇ ਮਲੱਪ ਰਹਿਤ ਕਰਦੇ ਰਹੋ। ਮਲੱਪਾਂ ਤੋਂ ਬਚਾਉਣ ਲਈ ਪਸ਼ੂਆਂ ਨੂੰ ਸਮੇਂ ਸਿਰ ਮਲੱਪ ਰਹਿਤ ਕਰਦੇ ਰਹਿਣਾ ਚਾਹੀਦਾ ਹੈ। ਵਪਾਰਕ ਪੱਧਰ ਤੇ ਵੱਡੇ ਡੇਅਰੀ ਫਾਰਮਰ ਸਾਰਾ ਸਾਲ ਸਾਈਲੇਜ ਦੀ ਵਰਤੋਂ ਕਰਦੇ ਹਨ, ਪਰ ਛੋਟੇ ਫਾਰਮਰ ਹਰੇ ਚਾਰੇ ਦੀ ਤੋਟ ਪੂਰੀ ਕਰਨ ਲਈ ਇਸ ਸਮੇਂ ਸਾਈਲੇਜ ਦੀ ਤਿਆਰੀ ਸ਼ੁਰੂ ਕਰ ਸਕਦੇ ਹਨ। ਚੁਆਈ ਉਪਰੰਤ ਥਣਾਂ ਨੂੰ ਬੀਟਾਡੀਨ ਅਤੇ ਗਲਿਸਰੀਨ ਦੇ 3:1 ਦੇ ਅਨੁਪਾਤ ਦੇ ਬਣੇ ਘੋਲ ਵਿਚ ਡੋਬਾ ਦਿਓ ਅਤੇ ਪਸ਼ੂ ਨੂੰ ਚੁਆਈ ਉਪਰੰਤ ਇਕ ਘੰਟੇ ਤੱਕ ਬੈਠਣ ਨਾ ਦਿਓ ਤਾਂ ਜੋ ਲੇਵੇ ਦੀ ਸੋਜ ਤੋਂ ਬਚਾਅ ਰਹੇ। ਕੱਟੜੂਆਂ/ਵੱਛੜੂਆਂ ਥੱਲੇ ਸੁੱਕੀ ਸੁੱਕ ਪਾਓ।

ਸੱਜਰ ਸੂਏ ਪਸ਼ੂ ਜੇਕਰ ਪਤਲਾ ਗੋਹਾ ਕਰਦੇ ਹਨ ਤਾਂ ਪਸ਼ੂ ਖੁਰਾਕ ਵਿਚ ਪ੍ਰਤੀ ਪਸ਼ੂ 50-70 ਗ੍ਰਾਮ ਦੀ ਮਾਤਰਾ ਵਿਚ ਮਿੱਠਾ ਸੋਡਾ ਦਿਓ। ਪਸ਼ੂਆਂ ਨੂੰ ਲੰਪੀ ਸਕਿਨ ਬਿਮਾਰੀ ਤੋਂ ਬਚਾਅ ਲਈ ਤੰਦਰੁਸਤ ਪਸ਼ੂਆਂ ਨੂੰ ਗੋਟ ਪੋਕਸ ਵੈਕਸੀਨ. ਲਗਵਾਓ। ਜਿਹਨਾਂ ਪਸ਼ੂਆਂ ਵਿਚ ਚਮੜੀ ਤੇ ਮੋਟੇ ਧੱਫੜ, ਤੇਜ਼ ਬੁਖਾਰ (104 ਤੋਂ 105 ਡਿਗਰੀ ਫਾਰਨਹੀਟ), ਮੂਹਰਲੀਆਂ ਲੱਤਾਂ ਤੇਸੋਜਾ ਆਦਿ ਲੱਛਣ ਦਿਖਾਈ ਦੇਣ, ਉਹਨਾਂ ਨੂੰ ਬਾਕੀ ਪਸ਼ੂਆਂ ਤੋਂ ਅਲੱਗ ਕਰਕੇ ਮਾਹਰ ਡਾਕਟਰ ਦੀ ਸਲਾਹ ਨਾਲ ਇਲਾਜ ਕਰਵਾਓ। ਫਾਰਮ ਤੇ ਬਾਹਰੀ ਵਿਅਕਤੀਆਂ ਅਤੇ ਆਪਣਾ ਅਤੇ ਆਪਣੀ ਲੇਬਰ ਦਾ ਦੂਜੇ ਫਾਰਮਾਂ ਤੇ ਆਉਣਾ ਜਾਣਾ ਬੰਦ ਰੱਖੋ। ਬਿਮਾਰ ਪਸ਼ੂਆਂ ਦਾ ਦੁੱਧ ਉਬਾਲ ਕੇ ਮਨੁੱਖੀ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ। ਆਪਣੇ ਫਾਰਮ ਤੇ ਕੋਈ ਵੀ ਇਸ ਤਰ੍ਹਾਂ ਦਾ ਕੇਸ ਨਜ਼ਰ ਆਵੇ ਤਾਂ ਨੇੜਲੇ ਪਸ਼ੂ ਹਸਪਤਾਲ ਦੇ ਮਾਹਰਾਂ ਨਾਲ ਸੰਪਰਕ ਕਰੋ। ਸ਼ਾਮ ਵੇਲੇ ਫਾਰਮਲੀਨ ਦਵਾਈ ਦੇ 5% ਘੋਲ (500 ਮਿਲੀਲਿਟਰ ਦਵਾਈ 10 ਲਿਟਰ ਪਾਣੀ ਵਿਚ ਘੋਲ ਕੇ) ਦਾ ਛਿੜਕਾਅ ਕਰਕੇ ਇਸ ਬਿਮਾਰੀ ਤੋਂ ਕਾਫੀ ਹੱਦ ਤੱਕ ਬਚਿਆ ਜਾ ਸਕਦਾ ਹੈ।

**ਮੁਰਗੀ ਪਾਲਣ** : ਬਿਮਾਰ ਮੁਰਗੀਆਂ ਦੀ ਛਾਂਟੀ ਕਰ ਦੇਣੀ ਚਾਹੀਦੀ ਹੈ। ਸਰਦੀਆਂ ਵਿੱਚ ਮੁਰਗੀਆਂ ਨੂੰ ਠੰਡ ਤੋਂ ਬਚਾਉਣ ਲਈ ਸ਼ੈੱਡ ਦੇ ਪਾਸਿਆਂ ਤੇ ਪਰਦੇ ਲਾਉਣ ਲਈ ਤਿਆਰ ਕਰ ਲਉ। ਮੁਰਗੀਆਂ ਨੂੰ ਰਾਣੀ ਖੇਤ ਅਤੇ ਮੁਰਗ ਮਾਤਾ ਦੇ ਬਚਾਉ ਲਈ ਟੀਕੇ ਜੇ ਪਹਿਲਾਂ ਨਹੀਂ ਲੱਗੇ ਤਾਂ ਲਗਵਾ ਲਵੋ। ਛੱਤ ਉੱਤੇ ਪਰਾਲੀ ਦੀ ਤਹਿ ਵਿਛਾਉਣੀ ਚਾਹੀਦੀ



ਹੈ ਤਾਂ ਜੋ ਮੁਰਗੀਆਂ ਨੂੰ ਠੰਢ ਤੋਂ ਬਚਾਇਆ ਜਾ ਸਕੇ। ਸੁੱਕ ਦੇ ਤੌਰ ਤੇ ਕੁਤਰੀ ਹੋਈ ਪਰਾਲੀ ਅਤੇ ਚੌਲਾਂ ਦੀ ਫੱਕ ਰਲਾ ਕੇ ਮੁਰਗੀਆਂ ਹੇਠ ਵਿਛਾਓ। ਮੁਰਗੀਆਂ ਦੇ ਸ਼ੈੱਡ ਨੂੰ ਸਾਫ ਸੁਥਰਾ ਅਤੇ ਨਿੱਘਾ ਰੱਖਣਾ ਚਾਹੀਦਾ ਹੈ। ਸਰਦੀਆਂ ਵਿੱਚ ਫੀਡ ਨੂੰ 15 ਦਿਨ ਤੋਂ ਬਾਅਦ ਸਟੋਰ ਨਹੀਂ ਕਰਨਾ ਚਾਹੀਦਾ ਹੈ। ਠੰਡ ਤੋਂ ਬਚਾਉਣ ਲਈ ਬੁਖਾਰੀ ਤਿਆਰ ਕਰ ਲਓ।

## ਪਰਾਲੀ ਨੂੰ 10 ਸਾਲ ਤੋਂ ਖੇਤ ਵਿਚ ਵਾਹ ਕੇ ਕਣਕ ਦੀ ਬਿਜਾਈ ਕਰ ਰਿਹੈ ਸੁਖਦੀਪ ਸਿੰਘ



ਫਾਜ਼ਿਲਕਾ ਦੇ ਪਿੰਡ ਮਿਆਣੀ ਬਸਤੀ ਦੇ ਅਗਾਂਹ ਵਧੂ ਅਤੇ ਵਾਤਾਵਰਨ ਦੇ ਰਖਵਾਲੇ ਕਿਸਾਨ ਸੁਖਦੀਪ ਸਿੰਘ ਪੁੱਤਰ ਸ਼ਾਮ ਸਿੰਘ ਨੇ ਫਾਜ਼ਿਲਕਾ ਹੀ ਨਹੀਂ ਸਮੁੱਚੇ ਪੰਜਾਬ ਦੇ ਕਿਸਾਨਾਂ ਲਈ ਇਕ ਅਦੁੱਤੀ ਮਿਸਾਲ ਕਾਇਮ ਕੀਤੀ ਹੋਈ ਹੈ ਅਤੇ ਇਸ ਕਰ ਕੇ ਵਾਤਾਵਰਣ ਦਾ ਰਖਵਾਲਾ ਵੀ ਬਣਿਆ ਹੋਇਆ। ਕਿਸਾਨ ਸੁਖਦੀਪ ਸਿੰਘ 8 ਏਕੜ ਜ਼ਮੀਨ ਵਿਚ ਖੇਤੀ ਕਰਦਾ ਹੈ ਅਤੇ ਪਿਛਲੇ 10 ਸਾਲਾਂ ਤੋਂ ਆਪਣੀ ਫਸਲ ਦੀ ਰਹਿੰਦ-ਖੂੰਹਦ ਨੂੰ ਕਦੇ ਵੀ ਅੱਗ ਨਹੀਂ ਲਗਾਉਂਦਾ। ਸੁਖਦੀਪ ਸਿੰਘ ਨੇ ਦੱਸਿਆ ਕਿ ਪਿਛਲੇ 10 ਸਾਲਾਂ ਤੋਂ ਉਸ ਨੇ ਝੋਨੇ ਦੀ ਪਰਾਲੀ ਨੂੰ ਅੱਗ ਨਹੀਂ ਲਗਾਈ ਅਤੇ ਉਹ ਝੋਨੇ ਦੀ ਪਰਾਲੀ ਨੂੰ ਹੈਪੀ ਸੀਡਰ ਅਤੇ ਐਮ. ਬੀ. ਪਲੋਅ ਨਾਲ ਖੇਤੀ ਵਿਚ ਹੀ ਵਾਹ ਕੇ ਕਣਕ ਦੀ ਬਿਜਾਈ ਕਰ ਰਿਹਾ ਹੈ। ਉਹ ਖੇਤੀ ਬਾੜੀ ਦੇ ਆਧੁਨਿਕ ਸੰਦਾਂ ਦੀ ਵਰਤੋਂ ਕਰ ਕੇ ਪਰਾਲੀ ਦੀ ਸਾਂਭ ਸੰਭਾਲ ਕਰਦਾ ਰਿਹਾ ਹੈ। ਕਿਸਾਨ ਨੇ ਕਿਹਾ ਕਿ ਉਸ ਦੀ ਕਣਕ ਦੀ ਫਸਲ ਵਿਚ ਕਦੇ ਕੋਈ ਸਮੱਸਿਆ ਨਹੀਂ ਆਈ। ਉਸ ਨੇ ਦੱਸਿਆ ਕਿ ਉਹ ਜਿੱਥੇ ਪਰਾਲੀ ਨੂੰ ਅੱਗ ਨਾ ਲਗਾ ਕੇ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਵਿਚ ਆਪਣਾ ਯੋਗਦਾਨ ਪਾ ਰਿਹਾ ਹੈ ਉੱਥੇ ਹੀ ਉਸ ਦੀ ਕਣਕ ਦਾ ਝਾੜ ਵੀ ਬਹੁਤ ਵਧੀਆ ਨਿਕਲਦਾ ਹੈ। ਉਸ ਨੇ ਕਿਹਾ ਕਿ ਉਹ ਅਪਣੇ ਬਾਕੀ ਕਿਸਾਨ ਭਰਾਵਾਂ ਨੂੰ ਵੀ ਜਾਗਰੂਕ ਕਰ ਰਿਹਾ ਹੈ ਕਿ ਉਹ ਅਪਣੇ ਝੋਨੇ ਦੀ ਫਸਲ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਸ਼ਕਤੀ ਵੀ ਬਰਕਰਾਰ ਬਣੀ ਰਹੇ ਅਤੇ ਉਹ ਅਪਣੀ ਧਰਤੀ ਦੇ ਰਖਵਾਲੇ ਸਾਬਤ ਹੋਣ। ਸੁਖਦੀਪ ਸਿੰਘ ਨੇ ਹੋਰਨਾਂ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਣ ਲਈ ਪਰਾਲੀ ਨੂੰ ਜ਼ਮੀਨ ਵਿਚ ਦਬਾਉਣਾ ਜ਼ਰੂਰੀ ਹੈ ਤਾਂ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜੀਆਂ ਲਈ ਪੌਣ-ਪਾਣੀ ਅਤੇ ਧਰਤੀ ਨੂੰ ਸੁਰੱਖਿਅਤ ਰੱਖ ਸਕਦੇ ਹਨ।

# ਮੰਡੀ ਤੱਕ ਨਰਮੇ ਦੀ ਗੁਣਵੱਤਾ ਬਰਕਰਾਰ ਰੱਖਣ ਲਈ ਧਿਆਨ ਦਿਓ

**ਨਰਮੇ ਦੀ ਚੁਗਾਈ ਕਰਦੇ ਸਮੇਂ**

★ ਨਰਮੇ ਦੀ ਚੁਗਾਈ ਤ੍ਰੇਲ ਸੁੱਕਣ ਤੇ ਕਰੋ, ਭਿੱਜਿਆ ਨਰਮਾ ਗਰਮ ਹੋ ਕੇ ਲਾਲ ਹੋ ਜਾਂਦਾ ਹੈ ।

★ ਚੁਗਾਈ 50 ਪ੍ਰਤੀਸ਼ਤ ਟੀਂਡੇ ਖਿੜਨ ਤੇ ਹੀ ਕਰੋ ।

★ ਛੋਟੇ ਬੱਚਿਆਂ ਅਤੇ ਅਨਜਾਣ ਲੇਬਰ ਨੂੰ ਨਰਮਾ ਚੁਗਣ ਲਈ ਨਾ ਲਾਓ ।

★ ਚੁਗਾਈ ਹਮੇਸ਼ਾ ਬੂਟੇ ਦੇ ਥੱਲੇ ਪਾਸੇ ਤੋਂ ਸ਼ੁਰੂ ਕਰਕੇ ਉੱਪਰ ਵੱਲ ਨੂੰ ਕਰਨੀ ਚਾਹੀਦੀ ਹੈ ਤਾਂ ਜੋ ਉੱਪਰਲੇ ਟੀਂਡਿਆਂ ਦੀ ਪੱਤੀ ਹੇਠਲੇ ਖਿੜੇ ਟੀਂਡਿਆਂ ਤੇ ਨਾ ਡਿੱਗ ਪਵੇ ।

★ ਚੁਗਾਈ ਕਰਦੇ ਸਮੇਂ ਹਮੇਸ਼ਾ ਸਿਰ ਢੱਕ ਕੇ ਰੱਖੋ ਤਾਂ ਜੋ ਸਿਰ ਦੇ ਵਾਲ ਨਰਮੇ ਵਿਚ ਨਾ ਰਲਣ ।

★ ਕਾਣੀ ਕੋਢੀ, ਖਰਾਬ ਫੁੱਟੀ ਅਤੇ ਕੱਚੇ ਟੀਂਡਿਆਂ ਆਦਿ ਨੂੰ ਨਰਮੇ ਨਾਲ ਨਾ ਚੁਗੋ ।



★ ਚੁਗੀ ਹੋਈ ਨਰਮੇ ਦੀ ਫਸਲ ਨੂੰ ਸਾਫ ਸੁਥਰੀ ਅਤੇ ਸੁੱਕੀ ਥਾਂ ਤੇ ਰੱਖੋ ਅਤੇ ਉੱਪਰੋਂ ਵੀ ਕੱਪੜੇ ਨਾਲ ਢਕੋ ।

★ ਮਜ਼ਦੂਰਾਂ ਨੂੰ ਸਾਫ ਸੁਥਰੀ ਚੁਗਾਈ ਦੇ ਆਧਾਰ ਤੇ ਪੈਸੇ ਦਿਓ ।

★ ਚੁਗੇ ਹੋਏ ਨਰਮੇ ਨੂੰ ਬਿਨਾਂ ਨੱਪ ਉੱਪਰੋਂ ਢੱਕ ਕੇ ਰੱਖੋ ਤਾਂ ਜੋ ਇਸ ਦਾ ਰੇਸ਼ਾ ਖਰਾਬ ਨਾ ਹੋਵੇ ।

★ ਟਰਾਲੀ ਜਾਂ ਗੱਡੇ ਵਿਚ ਨਰਮਾ ਭਰਨ ਤੋਂ ਪਹਿਲਾਂ ਉਸ ਨੂੰ ਚੰਗੀ ਤਰ੍ਹਾਂ ਸਾਫ ਕਰ ਲਵੋ ਅਤੇ ਇਸ ਦੇ ਉੱਪਰ ਬੈਠ ਕੇ ਨਾ ਜਾਓ ।

**ਨਰਮੇ ਦੇ ਰੱਖ-ਰਖਾਵ ਦੇ ਸੰਭਾਲ ਕਰਨ ਸਮੇ :**

★ ਕਮਰਾ ਸਾਫ ਸੁਥਰਾ ਅਤੇ ਸਲ੍ਹਾਬ ਰਹਿਤ ਹੋਣਾ ਚਾਹੀਦਾ ਹੈ । ਨਵੇਂ ਬਣੇ ਕਮਰੇ ਵਿਚ ਨਰਮੇ ਨੂੰ ਨਾ ਰੱਖੋ । ਫਸਲ ਗਿੱਲੀ ਹੈ ਤਾਂ ਇਸ ਨੂੰ ਸੁਕਾ ਕੇ ਸੰਭਾਲੋ ।

★ ਫਸਲ ਨੂੰ ਸੰਭਾਲਣ ਸਮੇਂ ਇਸ ਵਿਚੋਂ ਕੱਚੇ ਜਾਂ ਹਰੇ ਟੀਂਡੇ, ਕਾਣੀ ਕੋਢੀ, ਖਰਾਬ ਫੁੱਟੀ ਅਤੇ ਹੋਰ ਕਿਸੇ ਕਿਸਮ ਦੀ ਮਿਲਾਵਟ ਨੂੰ ਕੱਢ ਦਿਓ ।

★ ਸਟੋਰ ਦਾ ਦਰਵਾਜ਼ਾ ਬੰਦ ਰੱਖੋ ਤਾਂ ਜੋ ਕੂੜਾ ਕਰਕਟ ਜਿਵੇਂ ਕਿ ਰੰਗਦਾਰ ਧਾਗੇ, ਸਿਰ ਦੇ ਵਾਲ, ਪਲਾਸਟਿਕ ਅਤੇ ਬੋਰੀ ਦੇ ਧਾਗੇ, ਸੂਤਲੀਆਂ, ਟੋਫੀਆਂ ਦੇ ਕਾਗਜ਼, ਪੋਲੀਥੀਨ ਦੇ ਲਿਫਾਫੇ, ਪੱਤੀ, ਕੱਪੜੇ ਦੇ ਟੁਕੜੇ, ਬੀੜੀਆਂ ਦੇ ਟੋਟੇ, ਰੱਦੀ ਕਾਗਜ਼ ਆਦਿ ਨਰਮੇ ਵਿਚ ਨਾ ਰਲ ਸਕਣ ।

★ ਵੱਖ-ਵੱਖ ਕਿਸਮਾਂ ਅਤੇ ਵੱਖ-ਵੱਖ ਚੁਗਾਈਆਂ ਦਾ ਨਰਮਾ ਅਲੱਗ-ਅਲੱਗ ਹੀ ਰੱਖੋ ।

**ਮੰਡੀ ਵਿਚ ਨਰਮੇ ਦੀ ਵਿਕਰੀ ਸਮੇਂ :**

★ ਫਸਲ ਨੂੰ ਟਰਾਲੀ ਵਿਚ ਭਰਦੇ ਸਮੇਂ ਇਸ ਵਿਚੋਂ ਕੱਚੇ ਜਾਂ ਗਲੇਸੜੇ ਟੀਂਡੇ, ਕਾਣੀਆਂ ਤੇ ਪੀਲੀਆਂ ਕੋਢੀਆਂ ਅਤੇ ਹੋਰ ਕੂੜਾ ਕਰਕਟ ਕੱਢ ਦਿਓ ਤਾਂ ਜੋ ਫਸਲ ਦਾ ਮਿਆਰ ਖਰਾਬ ਨਾ ਹੋਵੇ ।

★ ਨਰਮੇ ਦੀ ਟਰਾਲੀ ਭਰਦੇ ਸਮੇਂ ਇਸ ਨੂੰ ਜ਼ਿਆਦਾ ਨਾ ਲਤਾੜੋ ਤਾਂ ਜੋ ਨਰਮੇ ਦੇ ਰੇਸ਼ੇ ਦੀ ਗੁਣਵੱਤਾ ਬਰਕਰਾਰ ਰਹਿ ਸਕੇ ।

★ ਹਰ ਚੁਗਾਈ ਦੀ ਵਿਕਰੀ ਵੱਖਰੀ-ਵੱਖਰੀ ਕਰੋ । ਪਹਿਲੀ ਅਤੇ ਆਖਰੀ ਚੁਗਾਈ ਨੂੰ ਬਾਕੀ ਨਰਮੇ ਨਾਲੋਂ ਵੱਖ ਰੱਖੋ ।

★ ਬੇਸ਼ੱਕ ਅੱਜਕੱਲ ਮੰਡੀ ਵਿਚ ਨਰਮੇ ਦੀ ਬੋਲੀ ਖੜ੍ਹੀ ਟਰਾਲੀ ਵਿਚ ਹੀ ਲੱਗ ਜਾਂਦੀ ਹੈ ਫਿਰ ਵੀ ਜੇਕਰ ਫਸਲ ਮੰਡੀ ਵਿਚ ਉਤਾਰਨੀ ਪਵੇ ਤਾਂ ਢੇਰ ਕਿਸੇ ਸਾਫ ਸੁਥਰੀ ਥਾਂ ਤੇ ਲਗਾਓ ਤਾਂ ਕਿ ਕੂੜੇ ਕਰਕਟ ਨੂੰ ਫਸਲ ਵਿਚ ਰਲਣ ਤੋਂ ਬਚਾਇਆ ਜਾ ਸਕੇ ।

★ ਫਸਲ ਨੂੰ ਅਵਾਰਾ ਜਾਨਵਰਾਂ ਜਿਵੇਂ ਕਿ ਕੁੱਤੇ, ਗਾਵਾਂ, ਢੱਠਿਆਂ ਆਦਿ ਦੁਆਰਾ ਖਰਾਬ ਹੋਣ ਤੋਂ ਬਚਾਓ ।

★ ਫਸਲ ਵੇਚਣ ਉਪਰੰਤ ਆੜ੍ਹਤੀਏ ਕੋਲੋ 'ਫਾਰਮ ਜੇ' ਜਰੂਰ ਲਵੋ ਤਾਂ ਜੋ ਕੀਮਤਾਂ ਤੇ ਖਰਚਿਆਂ ਦਾ ਲੇਖਾ-ਜੋਖਾ ਰੱਖਿਆ ਜਾ ਸਕੇ ।

★ ਕਿਸਾਨਾਂ ਨੇ ਮੰਡੀ ਵਿਚ ਨਰਮੇਂ ਦੀ 40 ਕਿਲੋਗ੍ਰਾਮ ਵਾਲੀ ਪੱਲੀ ਦੀ ਲੁਹਾਈ ਲਈ 3.05 ਰੁਪਏ ਅਤੇ ਬਣਾਈ ਲਈ 2.50 ਰੁਪਏ ਪ੍ਰਤੀ ਪੱਲੀ ਦਾ ਖਰਚ ਹੀ ਦੇਣਾ ਹੈ । ਬਾਕੀ ਸਾਰੇ ਖਰਚੇ ਖਰੀਦਦਾਰ ਏਜੰਸੀ ਵੱਲੋਂ ਦਿੱਤੇ ਜਾਣੇ ਹਨ । ਆਉਣ ਵਾਲੇ ਮੰਡੀਕਰਨ ਸੀਜ਼ਨ ਦੌਰਾਨ ਇਹਨਾਂ ਖਰਚਿਆਂ ਵਿਚ ਮਾਮੂਲੀ ਵਾਧਾ ਹੋਣ ਦੀ ਸੰਭਾਵਨਾ ਹੈ । ਇਸ ਲਈ ਕਿਸਾਨ ਵੀਰਾਂ ਨੂੰ ਸਲਾਹ ਹੈ ਕਿ ਫਸਲ ਵੇਚਣ ਸਮੇਂ ਇਹਨਾਂ ਖਰਚਿਆਂ ਦੀ ਪੜਤਾਲ ਮੰਡੀ ਵਿਚ ਸਥਿਤ ਮਾਰਕੀਟ ਕਮੇਟੀ ਦੇ ਦਫਤਰ ਵਿੱਚੋਂ ਜਰੂਰ ਕਰ ਲਵੋ ।

★ ਸਾਲ 2023-24 ਲਈ ਸਰਕਾਰ ਵੱਲੋਂ ਦਰਮਿਆਨੇ ਰੇਸ਼ੇ ਵਾਲੇ ਨਰਮੇ ਦਾ ਘੱਟੋ-ਘੱਟ ਸਮਰਥਨ ਮੁੱਲ 6620 ਰੁਪਏ ਪ੍ਰਤੀ ਕੁਇੰਟਲ ਅਤੇ ਲੰਮੇ ਰੇਸ਼ੇ ਵਾਲੇ ਨਰਮੇ ਦਾ ਸਮਰਥਨ ਮੁੱਲ 7020 ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕੀਤਾ ਗਿਆ ਹੈ ।

★ ਵਰਨਣਯੋਗ ਹੈ ਕਿ ਨਰਮੇ ਦੇ ਭਾਅ ਵਿਚ ਕਾਫੀ ਉਤਰਾਅ-ਚੜ੍ਹਾਅ ਆਉਂਦਾ ਰਹਿੰਦਾ ਹੈ । ਇਸ ਲਈ ਮੰਡੀ ਵਿਚ ਲਿਜਾਣ ਤੋਂ ਪਹਿਲਾਂ ਵੱਖ-ਵੱਖ ਮਾਧਿਅਮਾਂ (ਅਖਬਾਰ, ਟੀ. ਵੀ., ਰੇਡੀਓ, ਇੰਟਰਨੈੱਟ, ਆਦਿ) ਤੋਂ ਨਰਮੇ ਦੇ ਭਾਅ ਬਾਰੇ ਤਾਜ਼ਾ ਜਾਣਕਾਰੀ ਜ਼ਰੂਰੀ ਲਵੋ ।

★ ਜਿਸ ਮੰਡੀ ਵਿਚ ਚੰਗਾ ਭਾਅ ਮਿਲੇ ਕਿਸਾਨਾਂ ਨੂੰ ਨਰਮਾ ਓਥੇ ਹੀ ਵੇਚਣਾ ਚਾਹੀਦਾ ਹੈ । ਇਸ ਲਈ ਕਿਸਾਨਾਂ ਨੂੰ ਅਖਬਾਰ, ਰੇਡੀਓ, ਟੈਲੀਵੀਜ਼ਨ, ਸੋਸ਼ਲ ਮੀਡੀਆ ਆਦਿ ਦਾ ਸਹਾਰਾ ਲੈਣਾ ਚਾਹੀਦਾ ਹੈ ।

**ਗੁਰਜਿੰਦਰ ਸਿੰਘ ਰੋਮਾਣਾ ਅਤੇ ਰਾਜ ਕੁਮਾਰ, ਇਕੋਨੋਮਿਕਸ ਐਂਡ ਸੋਸ਼ਿਆਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ** (ਮੋ. 94630-22255)

# ਆਓ ! ਸ਼ਹਿਦ ਮੱਖੀ ਕਟੁੰਬਾਂ ਦੀ ਕਰੀਏ ਸਵਾਰਮ ਤੋਂ ਰੋਕਥਾਮ

**ਸਵਾਰਮ ਕੀ ਹੈ ?**

ਸਵਾਰਮਿੰਗ, ਸ਼ਹਿਦ ਮੱਖੀ ਕਟੁੰਬਾਂ ਵਿਚ ਕੁਦਰਤੀ ਤੌਰ ਤੇ ਪਾਈ ਜਾਣ ਵਾਲੀ ਕਟੁੰਬਾਂ ਦੀ ਗਿਣਤੀ ਵਿੱਚ ਵਾਧੇ ਦੀ ਤਾਂਘ ਅਤੇ ਅਸਰ ਦਾ ਪ੍ਰਤੀਕ ਹੈ । ਸਵਾਰਮ ਦੌਰਾਨ ਪੁਰਾਣੀ ਰਾਣੀ ਮੱਖੀ ਆਪਣੇ ਨਾਲ ਕਟੁੰਬ ਦੀਆਂ ਲਗਭਗ ਅੱਧੀਆਂ ਕੁ ਕਾਮਾ ਮੱਖੀਆਂ ਲੈ ਕੇ ਉੱਡ ਜਾਂਦੀ ਹੈ । ਇਸ ਤਰ੍ਹਾਂ ਪੁਰਾਣੇ ਕਟੁੰਬ ਵਿਚ ਪਿੱਛੇ ਲਗਭਗ ਅੱਧੀਆਂ ਮੱਖੀਆਂ ਅਤੇ ਕੁਝ ਰਾਣੀ ਸੈੱਲ ਰਹਿ ਜਾਂਦੇ ਹਨ ।

**ਸਵਾਰਮ ਹੋਣ ਦੇ ਨੁਕਸਾਨ :** ਕਟੁੰਬ ਦੀ ਬਲਤਾ ਘਟਣਾ ਆਪਣੇ ਆਪ ਵਿਚ ਬਹੁਤ ਵੱਡਾ ਨੁਕਸਾਨ ਹੈ, ਕਿਉਂਕਿ ਇਸ ਨਾਲ ਬੀਕੀਪਰ ਦਾ ਸਿੱਧੇ ਤੌਰ 'ਤੇ ਮੱਖੀਆਂ ਦਾ ਹੀ ਨੁਕਸਾਨ ਨਹੀਂ ਹੁੰਦਾ, ਸਗੋਂ ਇਨ੍ਹਾਂ ਕਟੁੰਬ ਦੀ ਉਤਪਾਦਕਤਾ ਵਿਚ ਵੀ ਚੋਖੀ ਕਮੀ ਆ ਜਾਂਦੀ ਹੈ, ਅਤੇ ਇਹ ਕਮਜ਼ੋਰ ਕਟੁੰਬ ਕਿਸਾਨਾਂ ਲਈ ਪਰਪਰਾਗਣ ਸੇਵਾ ਵਾਸਤੇ ਵੀ ਜ਼ਿਆਦਾ ਲਾਹੇਵੰਦ ਨਹੀਂ ਹੁੰਦੇ । ਪੁਰਾਣੇ ਕਟੁੰਬ ਵਿਚ ਬਣੇ ਸੈੱਲਾਂ ਵਿੱਚੋਂ ਨਵੀਂ ਰਾਣੀ ਮੱਖੀ ਨਿੱਕਲ ਵੀ ਸਕਦੀ ਹੈ ਤੇ ਨਹੀਂ ਵੀ । ਰਾਣੀ ਨਾ ਨਿਕਲਣ ਦੀ ਸੂਰਤ ਵਿਚ ਇਹ ਕਟੁੰਬ ਲੇਇੰਗ-ਵਰਕਰ ਬਣ ਜਾਵੇਗਾ ਅਤੇ ਖਤਮ ਹੋ ਜਾਵੇਗਾ । ਪਰ ਜੇ ਰਾਣੀ ਨਿਕਲ ਵੀ ਆਵੇ, ਹੋ ਸਕਦਾ ਹੈ ਕਿ ਮੌਸਮੀ ਹਾਲਾਤਾਂ ਕਰਕੇ ਇਹ ਰਾਣੀ ਮੇਟਿੰਗ ਲਈ ਨਾ ਜਾ ਸਕੇ ਅਤੇ ਕਾਮਾ ਮੱਖੀਆਂ ਇਸ ਨੂੰ ਮਾਰ ਦੇਣ ਜਾਂ ਇਹ ਅਣ-ਮੇਟਿਡ ਰਾਣੀ ਡਰੋਨ ਆਂਡੇ (ਅਣ-ਨਿਸ਼ੇਚਿਤ) ਦੇਣੇ ਸ਼ੁਰੂ ਕਰ ਦੇਵੇ ਤੇ ਇਹ ਕਟੁੰਬ ਹੌਲੀ-ਹੌਲੀ ਖਤਮ ਹੋ ਜਾਵੇ । ਨਵੀਂ ਨਿਕਲੀ ਰਾਣੀ ਮੱਖੀ ਮੇਟਿੰਗ ਉਡਾਰੀ ਤੇ ਜਾਣ ਤੋਂ ਬਾਅਦ ਵੀ ਜੇਕਰ ਕਿਸੇ ਕਾਰਨ ਗਰਭਤ ਨਾ ਹੋਵੇ ਜਾਂ ਦੁਸ਼ਮਣ ਜੀਅ/ਮੀਂਹ-ਝੱਖੜ ਕਰਕੇ ਵਾਪਸ ਨਾ ਆ ਸਕੇ ਤਾਂ ਇਹ ਰਾਣੀ-ਰਹਿਤ ਕਟੁੰਬ ਲੇਇੰਗ-ਵਰਕਰ ਹੋ ਕੇ ਖਤਮ ਹੋ ਜਾਵੇਗਾ ।

**ਸਵਾਰਮਿੰਗ ਲਈ ਕੁਦਰਤੀ ਹਾਲਾਤ :** ਖੇਤਾਂ ਵਿੱਚੋਂ ਪਰਾਗ ਦੀ ਤੇਜ਼ੀ ਨਾਲ ਆਮਦ ਅਤੇ ਕਟੁੰਬਾਂ ਵਿਚ ਪਰਾਗ ਦੀ ਬਹੁਤਾਤ ; ਬਰੂਡ ਦੀ ਬਹੁਤਾਤ, ਖਾਸ ਕਰਕੇ ਡਰੋਨ ਬਰੂਡ ਦੀ ਬਹੁਤਾਤ ਅਤੇ ਜਵਾਨ ਡਰੋਨ ਮੱਖੀਆਂ ਦੀ ਵਧਦੀ ਆਬਾਦੀ, ਕਟੁੰਬਾਂ ਵਿਚ ਸਵਾਰਮ ਕਰਨ ਦੀ ਤਾਂਘ ਪੈਦਾ ਕਰਦੇ ਹਨ ।

**ਸਵਾਰਮਿੰਗ ਤਾਂਘ ਲਈ ਗੈਰ-ਪ੍ਰਬੰਧਕ ਹਾਲਾਤ :** ਵਧਦੀ ਆਬਾਦੀ ਦੇ ਅਨੁਕੂਲ ਅੰਦਰ ਜਗ੍ਹਾ ਨਾ ਹੋਣਾ, ਆਂਡੇ ਦੇਣ ਲਈ ਅਤੇ ਨੈਕਟਰ ਸਟੋਰ ਕਰਨ ਲਈ ਹਾਈਵ ਅੰਦਰ ਲੋੜੀਂਦੀ ਜਗ੍ਹਾ ਨਾ ਹੋਣਾ, ਅਤੇ ਸਭ ਤੋਂ ਵੱਧ ਸਮੇਂ ਰਹਿੰਦਿਆਂ ਲੋੜੀਂਦੀ ਜਗ੍ਹਾ ਦੇਣ ਦਾ ਪ੍ਰਬੰਧ ਨਾ ਕਰਨਾ ਜਿਸ ਨਾਲ ਪ੍ਰਤੀ ਛੱਤਾ ਮੱਖੀਆਂ ਦੀ ਘਣਤਾ ਬਹੁਤ ਵੱਧ ਜਾਣਾ ਅਤੇ ਇਸ ਤਰ੍ਹਾਂ ਅੰਦਰ ਭੀੜ ਹੋਣਾ, ਜਿਹੇ ਕਾਰਨ ਸਵਾਰਮਿੰਗ ਤਾਂਘ ਨੂੰ ਬਹੁਤ ਵਧਾ ਦਿੰਦੇ ਹਨ ।

**ਸਵਾਰਮਿੰਗ ਸਮਾਂ :** ਪੰਜਾਬ ਦੇ ਹਾਲਾਤਾਂ ਵਿਚ ਸਵਾਰਮਿੰਗ ਆਮ ਕਰਕੇ ਮੱਧ-ਫਰਵਰੀ ਤੋਂ ਮੱਧ-ਅਪਰੈਲ ਵਿਚ ਹੁੰਦੀ ਹੈ, ਪਰ ਕਈ ਵਾਰ ਬੇਰੀ ਦੇ ਬੂਰ ਦੇ ਮੌਸਮ ਦੌਰਾਨ (ਮੱਧ-ਸਤੰਬਰ ਤੋਂ ਮੱਧ-ਅਕਤੂਬਰ) ਵੀ ਸਵਾਰਮਿੰਗ ਵੇਖੀ ਗਈ ਹੈ । ਜਿਹੜੇ ਬੀਕੀਪਰ ਹਿਜ਼ਰਤ ਕਰਦੇ ਹਨ, ਰਾਜਸਥਾਨ ਵਿਚ ਸਰ੍ਹੋਂ/ਰਾਇਆ ਅਤੇ ਧਨੀਏ ਤੇ ਵੀ ਸਵਾਰਮਿੰਗ ਹੋ ਜਾਂਦੀ ਹੈ ।

**ਬਚਾਓ ਪ੍ਰਬੰਧ :**

**ਕਟੁੰਬ ਵਿਚ ਸਮੇਂ ਸਿਰ ਲੋੜੀਂਦੀ ਜਗ੍ਹਾ ਦੇਣੀ :** ਸ਼ਹਿਦ ਮੱਖੀਆਂ ਦੇ ਹਾਈਵ ਵਿਚ ਸਵਾਰਮਿੰਗ ਸਮੇਂ/ਹਾਲਾਤਾਂ ਦੌਰਾਨ ਮੱਖੀਆਂ ਦੀ ਭੀੜ ਨੂੰ ਘਟਾਉਣ ਲਈ ਲੋੜ ਮੁਤਾਬਿਕ ਹੋਰ ਬਣੇ-ਬਣਾਏ ਛੱਤੇ ਜਾਂ ਮੋਮ ਦੀਆਂ ਬੁਨਿਆਦੀ ਸ਼ੀਟਾਂ ਵਾਲੇ ਫਰੇਮ ਦਿੰਦੇ ਰਹੋ । ਨਵੀਂ ਫਰੇਮ ਪਹਿਲੇ ਬਰੂਡ ਵਾਲੇ ਛੱਤਿਆਂ ਦੇ ਵਿਚਕਾਰ ਹੀ ਪਾਓ । ਜੇਕਰ ਬਰੂਡ ਚੈਂਬਰ ਵਿੱਚ ਮੱਖੀਆਂ ਦੇ ਸਾਰੇ ਛੱਤੇ ਪੂਰੇ ਭਰੇ ਹੋਣ ਤਾਂ ਵਾਧੂ ਜਗ੍ਹਾ ਦੇਣ ਲਈ ਚੈਂਬਰ (ਸੁਪਰ ਚੈਂਬਰ) ਦੀ ਵਰਤੋਂ ਕੀਤੀ ਜਾ ਸਕਦੀ ਹੈ ।



**ਰਾਣੀ ਮੱਖੀ ਦੇ ਸੈੱਲ ਤੋੜਨਾ :** ਸਵਾਰਮ ਦੇਣ ਵਾਲੇ ਸ਼ੱਕੀ ਕਟੁੰਬਾਂ ਦਾ ਥੋੜ੍ਹੇ-ਥੋੜ੍ਹੇ ਦਿਨਾਂ ਬਾਅਦ ਨਿਰੀਖਣ ਕਰਦੇ ਰਹੋ । ਜੇਕਰ ਚੰਗੀ ਰਾਣੀ ਦੇ ਹੁੰਦੇ ਹੋਏ ਵੀ ਕਟੁੰਬ ਰਾਣੀ ਸੈੱਲ ਬਣਾ ਲਵੇ ਤਾਂ ਉਨ੍ਹਾਂ ਰਾਣੀ ਸੈੱਲਾਂ ਨੂੰ ਤੋੜ ਦੇਣਾ ਚਾਹੀਦਾ ਹੈ ।

**ਰਾਣੀ ਮੱਖੀ ਦੇ ਖੰਭ ਕੱਟਣੇ :** ਜੇਕਰ ਰਾਣੀ ਮੱਖੀ ਦੇ ਅਗਲੇ ਖੰਭਾਂ ਵਿੱਚੋਂ ਸਿਰਫ ਇਕ ਪਾਸੇ ਦਾ (ਖੱਬਾ ਜਾਂ ਸੱਜਾ)ਖੰਭ ਲੰਬਾਈ ਰੁਖੋਂ ਤਕਰੀਬਨ 1/3 ਹਿੱਸੇ ਤੋਂ ਲੈ ਕੇ 1/2 ਹਿੱਸਾ ਕੱਟ ਦਿੱਤਾ ਜਾਵੇ ਤਾਂ ਰਾਣੀ ਆਪਣਾ ਭਾਰ ਸਮਤੋਲ ਨਹੀਂ ਰੱਖ ਸਕੇਗੀ ਅਤੇ ਉਸ ਦੀ ਉੱਡਣ ਦੀ ਕੋਸ਼ਿਸ਼ ਕਾਮਯਾਬ ਨਹੀਂ ਹੋਵੇਗੀ ।

**ਰਾਣੀ ਗਾਰਡ ਦੀ ਵਰਤੋਂ :** ਕਟੁੰਬ ਦੇ ਗੇਟ ਤੇ ਰਾਣੀ ਗਾਰਡ ਦੀ ਵਰਤੋਂ ਕਰਕੇ ਰਾਣੀ ਨੂੰ ਹਾਈਵ ਅੰਦਰ ਡੱਕ ਕੇ ਕਟੁੰਬ ਨੂੰ ਸਵਾਰਮ ਦੇਣ ਤੋਂ ਰੋਕਿਆ ਜਾ ਸਕਦਾ ਹੈ ।

**ਕਟੁੰਬ ਨੂੰ ਵੰਡ ਦੇਣਾ :** ਕਈ ਕਟੁੰਬਾਂ ਵਿਚ ਸਵਾਰਮ ਦੀ ਤਾਂਘ ਬਹੁਤ ਜ਼ਿਆਦਾ ਹੋਣ ਕਰਕੇ ਉਪਰੋਕਤ ਉਪਰਾਲਿਆਂ ਦੇ ਬਾਵਜੂਦ ਕਟੁੰਬ ਰਾਣੀ ਸੈੱਲ ਬਣਾਈ ਜਾਂਦੇ ਹਨ ਅਤੇ ਇਨ੍ਹਾਂ ਵਿਚ ਖੁਰਾਕ ਲਈ ਉਡਾਰੀ ਦੀ ਤਾਂਘ ਘੱਟ ਜਾਂਦੀ ਹੈ ਜਿਸ ਨਾਲ ਇਹਨਾਂ ਦੀ ਸ਼ਹਿਦ ਉਤਪਾਦਕਤਾ ਘੱਟ ਜਾਂਦੀ ਹੈ । ਅਜਿਹੇ ਕਟੁੰਬਾਂ ਅਤੇ ਜ਼ਿਆਦਾ ਬਲਤਾ ਵਾਲੇ ਕਟੁੰਬ ਜੋ ਸਵਾਰਮ ਦੇਣ ਦੀਆਂ ਤਿਆਰੀਆਂ ਵਿਚ ਹੋਣ, ਨੂੰ ਵੰਡਣ ਨਾਲ ਸਵਾਰਮ ਤਾਂਘ ਨੂੰ ਰੋਕਿਆ ਜਾ ਸਕਦਾ ਹੈ । ਵੰਡੇ ਹੋਏ ਕਟੁੰਬਾਂ ਨੂੰ ਸ਼ਹਿਦ ਦੀ ਆਮਦ ਤੋਂ ਕੁਝ ਚਿਰ ਪਹਿਲਾਂ ਆਪਸ ਵਿਚ ਮਿਲਾਇਆ ਜਾ ਸਕਦਾ ਹੈ ; ਇਨ੍ਹਾਂ ਕਟੁੰਬਾਂ ਨੂੰ ਮਿਲਾਉਣ ਸਮੇਂ ਪੁਰਾਣੀ ਰਾਣੀ ਮੱਖੀ ਨੂੰ ਮਾਰ ਦੇਣਾ ਚਾਹੀਦਾ ਹੈ ।

**ਚੋਣਵੇਂ ਬਰੀਡਿੰਗ ਕਟੁੰਬਾਂ ਦੀ ਵਰਤੋਂ :** ਕਟੁੰਬਾਂ ਦਾ ਸਟਾਕ ਵਧਾਉਣ ਲਈ ਅਤੇ ਪੁਰਾਣੀਆਂ ਰਾਣੀਆਂ ਬਦਲਣ ਲਈ ਸਮਕਾਲੀ ਵਧੇਰੇ ਰਾਣੀਆਂ ਤਿਆਰ ਕਰਨ ਵਾਸਤੇ ਕਟੁੰਬਾਂ ਦੀ ਚੋਣ ਸਮੇਂ ਸਵਾਰਮ ਦੇਣ ਵਾਲੇ ਕਟੁੰਬਾਂ ਨੂੰ ਬਰੀਡਰ ਕਟੁੰਬਾਂ ਵਜੋਂ ਨਾ ਰੱਖੋ ।

**ਜੇ ਸਵਾਰਮ ਉੱਡੇ ਤਾਂ ਉਸ ਨੂੰ ਫੜ ਕੇ ਮੁੜ ਵਸੇਬਾ ਕਰਵਾਉ** ਜੇ ਕਰ ਕਟੁੰਬ ਸਵਾਰਮ ਉੱਡ ਜਾਵੇ ਤਾਂ ਉਸ ਸਵਾਰਮ ਨੂੰ ਫੜੋ । ਹਵਾ ਵਿਚ ਉੱਡ ਰਹੇ ਸਵਾਰਮ ਉੱਪਰ ਕਿਸੇ ਡੱਬੇ, ਆਦਿ ਨਾਲ ਪਾਣੀ ਛਿੜਕਾਓ । ਪਰ ਇਸ ਲਈ ਕੀਟ ਨਾਸ਼ਕ ਛਿੜਕਾਅ ਲਈ ਵਰਤੇ ਪੰਪ ਨੂੰ ਛਿੜਕਾਅ ਲਈ ਨਹੀਂ ਵਰਤਣਾ । ਪਾਣੀ ਨਾਲ ਕਾਮਾ ਮੱਖੀਆਂ ਦੇ ਖੰਭ ਗਿੱਲੇ ਹੋਣ ਨਾਲ ਮੱਖੀਆਂ ਨੇੜੇ ਹੀ ਕਿਸੇ ਨੀਵੀਂ ਥਾਂ ਤੇ ਬੈਠ ਜਾਣਗੀਆਂ । ਬੈਠੀਆਂ ਮੱਖੀਆਂ ਨੂੰ ਫੜਨ ਲਈ ਟੋਕਰੀ (ਸਵਾਰਮ-ਕੈਚਰ), ਛੋਟਾ ਬਕਸਾ ਜਾਂ ਜਾਲੀ (ਬੀ-ਵੇਲ) ਵਰਤੇ ਜਾ ਸਕਦੇ ਹਨ । ਟੋਕਰੀ, ਆਦਿ ਬੈਠੀਆਂ ਮੱਖੀਆਂ ਉੱਪਰ ਲਗਾ ਦਿਓ । ਮੱਖੀਆਂ ਹੌਲੀ-ਹੌਲੀ ਟੋਕਰੀ ਵਿਚ ਚੜ੍ਹ ਜਾਣਗੀਆਂ । ਹੱਥ ਨਾਲ ਵੀ ਹੌਲੀ-ਹੌਲੀ ਮੱਖੀਆਂ ਨੂੰ ਟੋਕਰੀ ਵਿਚ ਕੀਤਾ ਜਾ ਸਕਦਾ ਹੈ ਕਿਉਂਕਿ ਸਵਾਰਮ ਵਾਲੀਆਂ ਮੱਖੀਆਂ ਦੀ ਡੰਗ ਮਾਰਨ ਦੀ ਖਿੱਚ ਘੱਟ ਹੁੰਦੀ ਹੈ । ਰਾਣੀ ਸਮੇਤ ਇਨ੍ਹਾਂ ਨੂੰ ਸ਼ਾਮ ਤੱਕ ਕਿਸੇ ਠੰਢੀ ਥਾਂ ਤੇ ਰੱਖ ਦਿਓ । ਫੜੀਆਂ ਹੋਈਆਂ ਮੱਖੀਆਂ, ਹਨੇਰਾ ਹੋਣ ਤੋਂ ਥੋੜ੍ਹਾ ਪਹਿਲਾਂ ਇਕ ਹਾਈਵ ਵਿਚ ਜਿਸ ਵਿਚ ਬਣੇ-ਬਣਾਏ ਛੱਤੇ ਵਾਲੀਆਂ ਤਿੰਨ ਫਰੇਮਾਂ ਹੋਣ, ਪਾ ਦਿਓ । ਇਨ੍ਹਾਂ ਤਿੰਨਾਂ ਛੱਤਿਆਂ ਵਿਚੋਂ ਵਿਚਕਾਰਲਾ ਛੱਤਾ ਬਰੂਡ ਦਾ (ਜਿਹੜਾ ਕਿ ਕਿਸੇ ਦੂਸਰੇ ਛੱਤੇ ਤੋਂ ਮੱਖੀਆਂ ਝਾੜ ਕੇ ਲਿਆਂਦਾ ਹੋਵੇ) ਅਤੇ ਪਾਸਿਆਂ ਵਾਲੇ ਛੱਤੇ ਸ਼ਹਿਦ ਜਾਂ ਖੰਡ ਦੇ ਘੋਲ ਨਾਲ ਭਰੇ ਹੋਣ । ਇਸ ਤਰ੍ਹਾਂ ਫੜੇ ਸਵਾਰਮ ਨੂੰ ਕਿਸੇ ਵੀ ਢੁੱਕਵੀਂ ਜਗ੍ਹਾ ਤੇ ਰੱਖ ਸਕਦੇ ਹੋ । ਜਿੰਨੀ ਦੇਰ ਰਾਣੀ ਮੱਖੀ ਆਂਡੇ ਨਾ ਦੇਣ ਲੱਗ ਜਾਵੇ ਜਾਂ ਮੱਖੀਆਂ ਛੱਤਾ ਬਣਾਉਣਾ ਸ਼ੁਰੂ ਨਾ ਕਰ ਦੇਣ, ਇਸ ਹਾਈਵ ਦਾ ਸਮੇਂ-ਸਮੇਂ ਸਿਰ ਨਿਰੀਖਣ ਕਰਦੇ ਰਹੋ । ਸਵਾਰਮ ਫੜਨ ਉਪਰੰਤ ਇਸ ਨੂੰ ਇਸ ਦੇ ਮਾਂ ਕਟੁੰਬ ਨਾਲ ਵੀ ਮਿਲਾ ਸਕਦੇ ਹੋ ।

**ਪਰਦੀਪ ਕੁਮਾਰ ਛੁਨੇਜਾ**
**ਸੰਪਰਕ** : 9888885556
80546049667

# ਕੁਦਰਤੀ ਖੇਤੀ - ਵਾਤਾਵਰਨ ਲਈ ਵਰਦਾਨ

ਡਾ. ਸ. ਸ. ਛੀਨਾ,
ਪ੍ਰੋਫੈਸਰ ਇਮੈਰੀਟਸ, ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ

ਰੋਟੀ ਕੱਪੜਾ ਤੇ ਮਕਾਨ, ਤਿੰਨਾਂ ਦੀਆਂ ਲੋੜਾਂ ਦੀ ਪੂਰਤੀ ਖੇਤੀ ਤੋਂ ਹੁੰਦੀ ਹੈ ਜਿਹੜੀ ਕੁਦਰਤੀ ਵਾਤਾਵਰਨ 'ਤੇ ਨਿਰਭਰ ਕਰਦੀ ਹੈ। ਇੱਥੋਂ ਤੱਕ ਕਿ ਫਸਲਾਂ ਜਾਂ ਵੱਖ-ਵੱਖ ਉਪਜਾਂ ਰੁੱਤਾਂ 'ਤੇ ਨਿਰਭਰ ਕਰਦੀ ਹੈ। ਧਰਤੀ ਅਤੇ ਪਾਣੀ, ਦੋਵਾਂ ਦੀ ਖੇਤੀ ਉਤਪਾਦਨ ਵਿਚ ਮਹੱਤਤਾ ਹੈ ਪਰ ਭਾਰਤ ਸੁਤੰਤਰਤਾ ਤੋਂ ਬਾਅਦ ਭਾਵੇਂ ਇਕ ਖੇਤੀ ਪ੍ਰਧਾਨ ਦੇਸ਼ ਸੀ ਜਿਸ ਦੀ 75 ਫੀਸਦੀ ਵਸੋਂ ਖੇਤੀ ਤੇ ਨਿਰਭਰ ਕਰਦੀ ਸੀ ਪਰ ਉਹ ਆਪਣੀਆਂ ਅੰਨ ਦੀਆਂ ਲੋੜਾਂ ਦੀ ਪੂਰਤੀ



ਵਿਚ ਸਵੈ-ਨਿਰਭਰ ਨਹੀਂ ਸੀ। ਅਨਾਜ ਲੋੜਾਂ ਪੂਰੀਆਂ ਕਰਨ ਲਈ ਜਿੱਥੇ ਵਿਦੇਸ਼ ਤੋਂ ਮਹਿੰਗੀ ਵਿਦੇਸ਼ੀ ਮੁਦਰਾ ਨਾਲ ਅਨਾਜ ਮੰਗਵਾਇਆ ਜਾਂਦਾ ਸੀ ਉੱਥੇ ਹੀ ਉਨ੍ਹਾਂ ਦੇਸ਼ਾਂ ਵੱਲੋਂ ਕਈ ਰਾਜਨੀਤਕ ਸ਼ਰਤਾਂ ਲਾ ਦਿੱਤੀਆਂ ਜਾਂਦੀਆਂ ਸਨ।

ਸੰਨ 1965 ਵਿਚ ਜਦੋਂ ਲਾਲ ਬਹਾਦਰ ਸ਼ਾਸਤਰੀ ਪ੍ਰਧਾਨ ਮੰਤਰੀ ਸਨ ਤਾਂ ਉਨ੍ਹਾਂ ਨੇ ਅਨਾਜ ਦੀ ਆਯਾਤ ਘਟਾਉਣ ਲਈ ਦੇਸ਼ ਭਰ ਵਿਚ ਸੋਮਵਾਰ ਸ਼ਾਮ ਦੇ ਵਰਤ ਰੱਖਣ ਲਈ ਅਪੀਲ ਕੀਤੀ ਜਿਸ ਦਾ ਬਹੁਤ ਚੰਗਾ ਪ੍ਰਭਾਵ ਪਿਆ ਇੱਥੋਂ ਤੱਕ ਕਿ ਸੋਮਵਾਰ ਸ਼ਾਮ ਨੂੰ ਢਾਬੇ ਤੇ ਹੋਟਲਾਂ 'ਚ ਵੀ ਖਾਣਾ ਨਹੀਂ ਸੀ ਮਿਲਦਾ। ਅੱਜ ਵੀ ਦੇਸ਼ ਦੀ ਵੱਡੀ ਵਸੋਂ ਦੇਸ਼ ਦੇ ਸਾਧਨਾਂ 'ਤੇ ਇਕ ਵੱਡਾ ਭਾਰ ਹੈ। ਦੁਨੀਆਂ ਦੀ ਕੁੱਲ ਵਸੋਂ ਦੀ 17.6 ਫੀਸਦੀ ਭਾਰਤ ਵਿਚ ਹੈ ਜਦਕਿ ਖੇਤਰ 2.5 ਫੀਸਦੀ ਦੇ ਕਰੀਬ ਅਤੇ ਪਾਣੀ ਦੇ ਸਾਧਨ 4 ਫੀਸਦੀ ਹਨ। ਪਰ ਭਾਰਤ 'ਚ 1968 ਤੋਂ ਬਾਅਦ ਅਨਾਜ ਵਧਾਉਣ ਦੀਆਂ ਕੋਸ਼ਿਸ਼ਾਂ 'ਚ ਬਹੁਤ ਨਵੀਆਂ ਗੱਲਾਂ ਅਪਣਾਈਆਂ ਗਈਆਂ। ਬਿਜਲੀਕਰਨ ਸਦਕਾ ਟਿਊਬਵੈੱਲਾਂ ਨਾਲ ਵੱਧ ਤੋਂ ਵੱਧ ਸਿੰਚਾਈ ਦਾ ਪ੍ਰਬੰਧ ਕੀਤਾ ਗਿਆ ਤੇ 14 ਵੱਡੇ ਵਪਾਰਕ ਬੈਂਕਾ ਦਾ ਕੌਮੀਕਰਨ ਕਰ ਕੇ ਉਨ੍ਹਾਂ ਨੂੰ ਕਿਰਸਾਨੀ ਲਈ ਖਾਸ ਤੌਰ 'ਤੇ ਸਸਤੀਆਂ ਦਰਾਂ 'ਤੇ ਕਰਜ਼ੇ ਦੇਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ। ਸਰਕਾਰ ਵੱਲੋਂ ਕਣਕ ਅਤੇ ਝੋਨੇ ਦੀਆਂ ਫਸਲਾਂ ਦੀਆਂ ਸਮਰਥਨ ਕੀਮਤਾਂ ਘੋਸ਼ਿਤ ਕਰਕੇ ਆਪ ਖਰੀਦਣ ਦਾ ਪ੍ਰਬੰਧ ਕੀਤਾ ਗਿਆ ਅਤੇ ਇਸ ਨਾਲ ਕਣਕ ਅਤੇ ਝੋਨੇ ਦਾ ਉਤਪਾਦਨ ਇੰਨਾ ਵਧਿਆ ਕਿ ਭਾਰਤ ਖੁਰਾਕ ਆਯਾਤ ਕਰਨ ਵਾਲੇ ਦੇਸ਼ ਤੋਂ ਬਦਲ ਕੇ ਖੁਰਾਕ ਨਿਰਯਾਤ ਕਰਨ ਵਾਲਾ ਦੇਸ਼ ਬਣ ਗਿਆ। ਪਰ ਇਸ ਹਰੇ ਇਨਕਲਾਬ ਦੀ ਉਪਜ 'ਚ ਵਾਧਾ ਖਾਦਾਂ ਦੀ ਵੱਧ ਤੋਂ ਵੱਧ ਵਰਤੋਂ ਕਰਕੇ ਹੋਇਆ। ਪਹਿਲਾਂ ਰਸਾਇਣਕ ਖਾਦਾਂ ਦੀ ਵਧ ਤੋਂ ਵੱਧ ਵਰਤੋਂ ਨਹੀਂ ਸੀ ਹੋ ਰਹੀ। ਉਸ ਦੀ ਇਕ ਵੱਡੀ ਵਜ੍ਹਾ ਇਹ ਵੀ ਸੀ ਕਿ ਸਿੰਚਾਈ ਦੀ ਵੱਡੀ ਮਾਤਰਾ 'ਚ ਲੋੜ ਸੀ ਜਿਹੜੀ ਹੁਣ ਟਿਊਬਵੈੱਲਾਂ ਨੇ ਪੂਰੀ ਕਰ ਦਿੱਤੀ। ਰਸਾਇਣਕ ਖਾਦਾਂ ਉਨ੍ਹਾਂ ਖੇਤਰਾਂ 'ਚ ਹੀ ਜ਼ਿਆਦਾ ਵਰਤੀਆਂ ਗਈਆਂ ਜਿਨ੍ਹਾਂ ਵਿਚ ਪਾਣੀ ਜ਼ਿਆਦਾ ਉਪਲਬਧ ਸੀ।

ਪੰਜਾਬ, ਹਰਿਆਣਾ ਅਤੇ ਯੂ ਪੀ ਉਹ ਤਿੰਨ ਪ੍ਰਾਂਤ ਸਨ ਜਿੱਥੇ ਪਾਣੀ ਧਰਤੀ ਤੋਂ 7/8 ਫੁੱਟ ਨੀਵਾਂ ਮਿਲ ਜਾਂਦਾ ਸੀ। ਇਨ੍ਹਾਂ ਖੇਤਰਾਂ ਵਿਚ ਧੜਾਧੜ ਟਿਊਬਵੈੱਲ ਲੱਗਣੇ ਸ਼ੁਰੂ ਹੋ ਗਏ। ਪੰਜਾਬ 'ਚ ਜਿੱਥੇ 1960 ਤੱਕ ਮਸਾਂ 7000 ਟਿਊਬਵੈੱਲ ਲੱਗੇ ਸਨ, ਹੁਣ ਉੱਥੇ ਲਗਭਗ 14.5 ਲੱਖ ਟਿਊਬਵੈੱਲ ਹੋ ਗਏ ਹਨ। ਬਿਜਲੀਕਰਨ ਵਧਣ ਅਤੇ ਖਾਸ ਕਰਕੇ 1997 ਤੋਂ ਬਾਅਦ ਖੇਤੀ ਲਈ ਬਿਜਲੀ ਮੁਫਤ ਕਰਨ ਕਰਕੇ ਟਿਊਬਵੈੱਲਾਂ ਨੇ ਬੇਤਹਾਸ਼ਾ ਪਾਣੀ ਧਰਤੀ ਵਿੱਚੋਂ ਕੱਢਣਾ ਸ਼ੁਰੂ ਕਰ ਦਿੱਤਾ ਅਤੇ ਇੱਥੋਂ ਤੱਕ ਕਿ ਪਾਣੀ ਦੀ ਯੋਗ ਲੋੜ ਤੋਂ ਕਿੱਤੇ ਵੱਧ ਪਾਣੀ ਕੱਢਣਾ ਸ਼ੁਰੂ ਹੋ ਗਿਆ। ਇਸ ਲਈ ਜਿੱਥੇ ਪਾਣੀ ਦਾ ਪੱਧਰ ਜਿਹੜਾ 8/10 ਫੁੱਟ 'ਤੇ ਸੀ, ਉਹ ਹੁਣ ਜ਼ਿਆਦਾ ਥਾਵਾਂ 'ਤੇ 150 ਫੁੱਟ ਤੋਂ ਵੀ ਹੇਠਾਂ ਚਲਾ ਗਿਆ ਜਿਸ ਕਾਰਨ ਵਾਤਾਵਰਨ ਦਾ ਵਿਗਾੜ ਸ਼ੁਰੂ ਹੋ ਗਿਆ। ਵਾਤਾਵਰਨ ਦਾ ਵਿਗਾੜ ਦੋ ਕਾਰਨਾਂ ਕਰਕੇ ਹੋਇਆ। ਇਕ ਰਸਾਇਣਾਂ ਦੀ ਜ਼ਿਆਦਾ ਵਰਤੋਂ ਅਤੇ ਦੂਸਰਾ, ਪਾਣੀ ਦਾ ਪੱਧਰ ਬਹੁਤ ਹੇਠਾਂ ਚਲੇ ਜਾਣਾ। ਰਸਾਇਣਾਂ ਦੀ ਵਰਤੋਂ ਨਾਲ ਬੇਸ਼ੱਕ ਉਪਜ ਵਿਚ ਤਾਂ ਵਾਧਾ ਹੁੰਦਾ ਹੈ ਪਰ ਇਹ ਧਰਤੀ ਦੀ ਉਪਜਾਊ ਸ਼ਕਤੀ ਵੀ ਲਾਗਤ 'ਤੇ ਹੁੰਦਾ ਹੈ। ਧਰਤੀ ਦੀ ਉਪਜਾਊ ਸ਼ਕਤੀ ਰਸਾਇਣਾਂ ਦੀ ਵਰਤੋਂ ਨਾਲ ਘਟਦੀ ਜਾਂਦੀ ਹੈ। ਜੇ ਪਹਿਲੇ ਸਾਲ ਇਕ ਇਕਾਈ ਉਪਜ ਲੈਣ ਲਈ 4 ਬੋਰੀਆਂ ਰਸਾਇਣਾਂ ਦੀਆਂ ਵਰਤੀਆਂ ਸਨ ਤਾਂ ਅਗਲੇ ਸਾਲ 5 ਵਰਤਣੀਆਂ ਪੈਣਗੀਆਂ। ਓਨੀ ਹੀ ਉਪਜ ਲੈਣ ਲਈ ਅਗਲੇ ਸਲ 5 ਨਹੀਂ ਸਗੋਂ 6 ਬੋਰੀਆਂ ਵਰਤਣੀਆਂ ਪੈਣਗੀਆਂ ਤੇ ਇੰਜ ਇਹ ਮਾਤਰਾ ਹਰ ਸਾਲ ਵਧਦੀ ਜਾਵੇਗੀ ਤਾਂ ਅੰਦਾਜ਼ਾ ਲਾ ਲਓ ਕਿ ਫਿਰ ਇਸ ਦਾ ਅੰਤ ਕਿੱਥੇ ਹੋਵੇਗਾ। ਦੂਸਰੀ ਤਰਫ ਇਨ੍ਹਾਂ ਰਸਾਿਣਾਂ ਦੇ ਜ਼ਹਿਰ ਪਹਿਲਾਂ ਹਵਾ, ਫਿਰ ਪਾਣੀ ਅਤੇ ਮਗਰੋਂ ਧਰਤੀ ਵਿਚ ਅਤੇ ਫਿਰ ਖੁਰਾਕ 'ਚ ਸ਼ਾਮਲ ਹੋ ਜਾਣਗੇ ਜਿਹੜੇ ਕਈ ਕਿਸਮ ਦੀਆਂ ਸਮੱਸਿਆਵਾਂ ਪੈਦਾ ਕਰ ਦੇਣਗੇ।

ਅੱਜ-ਕੱਲ ਇਨ੍ਹਾਂ ਰਸਾਇਣਾਂ ਕਰਕੇ ਕੁਦਰਤੀ ਵਾਤਾਵਰਨ 'ਚ ਵੱਡਾ ਵਿਗਾੜ ਪੈ ਗਿਆ ਹੈ। ਜਿਨ੍ਹਾਂ ਖੇਤਾਂ 'ਚ ਇਹ ਰਸਾਇਣ ਵਰਤੇ ਜਾਂਦੇ ਹਨ, ਉਨ੍ਹਾਂ ਨੂੰ ਤਾਂ ਪ੍ਰਭਾਵਿਤ ਕਰਦੇ ਹੀ ਹਨ, ਇਹ ਨਾਲ ਲੱਗਦੇ ਖੇਤਾਂ ਨੂੰ ਵੀ ਪ੍ਰਭਾਵਿਤ ਕਰਦੇ ਹਨ। ਇਹੋ ਵਜ੍ਹਾ ਹੈ ਕਿ ਇਸ ਨੇ ਜੈਵਿਕ ਜੈ ਕੁਦਰਤੀ ਖੇਤੀ ਕਰਨ 'ਚ ਵੀ ਕਈ ਰੁਕਾਵਟਾਂ ਪਾ ਦਿੱਤੀਆਂ ਹਨ। ਪਾਣੀ ਜਿਹੜਾ 7/8 ਫੁੱਟ ਦੀ ਡੂੰਘਾਈ 'ਤੇ ਮਿਲਦਾ ਸੀ, ਉਸ ਲਈ ਧਰਤੀ ਦੇ ਉੱਪਰ ਬਿਜਲੀ ਦੀਆਂ ਮੋਟਰਾਂ ਲਾਈਆਂ ਜਾਂਦੀਆਂ ਸਨ ਪਰ 1980 ਤੋਂ ਬਾਅਦ ਧਰਤੀ 'ਤੇ ਲਾਈਆਂ ਮੋਟਰਾਂ ਪਾਣੀ ਨਹੀਂ ਸੀ ਕੱਢ ਸਕਦੀਆਂ। ਇਸ ਲਈ ਇਕ ਟੋਆ ਪੁੱਟ ਕੇ ਧਰਤੀ ਦੇ ਹੇਠਾਂ ਖੂਹੀ ਜਿਹੀ ਬਣਾ ਕੇ ਮੋਟਰਾਂ ਲਾਈਆਂ ਜਾਂਦੀਆਂ ਸਨ। ਉਹ ਤਾਂ ਹੀ ਪਾਣੀ ਕੱਢ ਸਕਦੀਆਂ ਸਨ ਕਿਉਂਕਿ ਇਹ ਪਾਣੀ ਦੀ ਦੂਸਰੀ ਪਰਤ ਸੀ। ਫਿਰ ਇਸ ਪਰਤ ਤੋਂ ਵੀ ਪਾਣੀ ਖਤਮ ਹੋ ਗਿਆ। ਤਾਂ ਫਿਰ ਪਾਣੀ ਕੱਢਣ ਲਈ ਸਬਮਰਸੀਬਲ ਪੰਪ ਲਾਏ ਜਾ ਰਹੇ ਹਨ ਤਾਂ ਕਿ ਪਾਣੀ ਕੱਢਿਆ ਜਾ ਸਕੇ। ਜੇ ਇਸ ਹਿਸਾਬ ਨਾਲ ਪਾਣੀ ਕੱਢਣਾ ਜਾਰੀ ਰਿਹਾ ਤਾਂ ਇਸ ਪਰਤ 'ਚੋਂ ਵੀ ਪਾਣੀ ਖਤਮ ਹੋ ਜਾਵੇਗਾ। ਫਿਰ ਕੀ ਬਣੇਗਾ ? ਇਸ ਦਾ ਖਿਆਲ ਕਰਨ 'ਤੇ ਵੀ ਡਰ ਲੱਗਦਾ ਹੈ। ਇਸ ਲਈ ਲੋੜ ਹੈ ਕਿ ਬਗੈਰ ਦੇਰ ਕੀਤਿਆਂ ਇਸ ਮਸਲੇ ਦਾ ਹੱਲ ਕੱਢਿਆ ਜਾਵੇ।

ਰਸਾਇਣਾਂ ਦੀ ਵਰਤੋਂ ਅਨਾਜ ਦੀ ਉਪਜ ਬਣਾਈ ਰੱਖਣ ਜਾਂ ਵਧਾਵੁਣ ਲਈ ਕੀਤੀ ਜਾਂਦੀ ਹੈ। ਜੇ ਰਸਾਇਣਾ ਦੇ ਬਦਲ ਵਜੋਂ ਜੈਵਿਕ ਖਾਦਾਂ ਅਤੇ ਹੋਰ ਖਾਦਾਂ ਤੇ ਪਦਾਰਥਾਂ ਨਾਲ ਉਪਜ ਵਧਾਈ ਜਾ ਸਕੇ ਜਾਂ ਖੇਤੀ ਢੰਗਾਂ ਵਿਚ ਤਬਦੀਲੀ ਕਰ ਕੇ ਜੈਵਿਕ ਫਸਲਾਂ ਨਾਲ ਵੀ ਓਨੀ ਹੀ ਉਪਜ ਹੋ ਜਾਵੇ ਤਾਂ ਰਸਾਇਣਾਂ ਦੀ ਲੋੜ ਖਤਮ ਹੋ ਜਾਵੇਗੀ ਜੋ ਵਾਤਾਵਰਣ ਦੇ ਵਿਗਾੜ ਦਾ ਮੁੱਖ ਕਾਰਨ ਹੈ। ਇਸ ਸਬੰਧੀ ਸਰਕਾਰ ਦੀ ਸਰਪ੍ਰਸਤੀ ਦੀ ਲੋੜ ਹੈ। ਜਿੰਨੀ ਮਿਹਨਤ ਅਤੇ ਲਗਨ ਨਾਲ ਨਵੇਂ ਬੀਜਾਂ, ਰਸਾਇਣਾਂ ਅਤੇ ਖੇਤੀ ਢੰਗਾਂ ਲਈ ਖੇਤੀ ਯੂਨੀਵਰਸਿਟੀਆਂ ਅਤੇ ਖੇਤੀ ਖੋਜ ਕੇਂਦਰਾਂ ਨੇ ਖੋਜ ਕੀਤੀ ਸੀ ਜਿਸ ਕਰਕੇ ਇੰਨੀ ਉਪਜ ਦੇ ਸਿੱਟੇ ਮਿੱਲੇ ਸਨ, ਓਨੀ ਹੀ ਲਗਨ ਨਾਲ ਜੈਵਿਕ ਖਾਦਾਂ ਅਤੇ ਉਪਜ ਢੰਗਾਂ ਲਈ ਖੋਜ ਹੋਣੀ ਚਾਹੀਦੀ ਹੈ। ਇਸ ਗੱਲ ਵੇਖੀ ਗਈ ਹੈ ਕਿ ਕੁਝ ਕੁਦਰਤੀ ਫਾਰਮਾਂ 'ਤੇ ਰਸਾਇਣਕ ਫਾਰਮਾਂ ਨਾਲੋਂ ਵੱਧ ਉਪਜ ਲਈ ਜਾ ਰਹੀ ਹੈ ਜਿਸ ਤਰ੍ਹਾਂ ਪਿੰਗਲਵਾੜਾ ਸੰਸਥਾ ਵੱਲੋਂ ਚਲਾਇਆ ਜਾਂਦਾ ਜੰਡਿਆਲੇ ਦੇ ਨਜ਼ਦੀਕ ਫਾਰਮ ਅਤੇ ਹੋਰ ਜ਼ਿਲ੍ਹਿਆਂ ਵਿਚ ਕੁਝ ਹੋਰ ਫਾਰਮ ਹਨ। ਇਕ ਹੋਰ ਗੱਲ ਵੇਖੀ ਗਈ ਹੈ ਕਿ ਖੇਤੀ ਜੈਵਿਕ ਹੋਣ ਸੰਬੰਧੀ ਕੁਝ ਗਲਤ-ਫਹਿਮੀਆਂ ਵੀ ਹਨ। ਕੁਝ ਸਾਲ ਪਹਿਲਾਂ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸਿਜ਼ ਨਵੀਂ ਦਿੱਲੀ ਵਲੋਂ ਮੈਨੂੰ ਪੰਜਾਬ ਵਿਚ ਜੈਵਿਕ ਅਤੇ ਰਸਾਇਣਕ ਫਾਰਮਾਂ ਦੇ ਮੁਕਾਬਲੇ ਦਾ ਇਕ ਪ੍ਰਾਜੈਕਟ ਦਿੱਤਾ ਗਿਆ ਸੀ। ਮੈਂ ਕੁਝ ਅਜਿਹੇ ਫਾਰਮਾਂ 'ਤੇ ਵੀ ਗਿਆ ਸੀ। ਮੈਂ ਕੁਝ ਅਜਿਹੇ ਫਾਰਮਾਂ 'ਤੇ ਵੀ ਗਿਆ ਜਿਨ੍ਹਾਂ ਨੇ ਛੋਟੇ ਪੋਲਟਰੀ ਫਾਰਮ ਵੀ ਬਣਾਏ ਹੋਏ ਸਨ। ਮੈਂ ਖਾਸ ਤੌਰ 'ਤੇ ਨੋਟ ਕੀਤਾ ਕਿ ਉਨ੍ਹਾਂ ਫਾਰਮਾਂ 'ਤੇ ਆਲੂ 150 ਕੁਇੰਟਲ ਤੋਂ ਵੱਧ ਇਕ ਏਕੜ ਵਿੱਚੋਂ ਲਏ ਜਾਂਦੇ ਸਨ ਜਦਕਿ ਰਸਾਇਣਕ ਫਾਰਮਾਂ ਵਿਚ ਇਹ ਉਪਜ 100 ਕੁਇੰਟਲ ਸੀ। ਇਸ ਤਰ੍ਹਾਂ ਹੀ ਉਸ ਪੋਲਟਰੀ ਦੀ ਖਾਦ ਨਾਲ ਉਹ 400 ਕੁਇੰਟਲ ਪ੍ਰਤੀ ਏਕੜ ਗੰਨੇ ਦੀ ਉਪਜ ਕਰ ਰਹੇ ਸਨ ਜਦਕਿ ਰਸਾਇਣਕ ਫਾਰਮਾਂ 'ਤੇ ਵੱਧ ਤੋਂ ਵੱਧ 300 ਕੁਇੰਟਲ ਗੰਨਾ ਹੁੰਦਾ ਸੀ।



ਪਰ ਜਦ ਮੈਂ ਖੇਤੀਬਾੜੀ ਯੂਨੀਵਰਸਿਟੀ ਦੇ ਡਾਇਰੈਕਟਰ ਐਕਸਟੈਨਸ਼ਨ ਜਿਨ੍ਹਾਂ ਨੇ ਚੰਗੀ ਖੋਜ ਨੂੰ ਅੱਗੇ ਕਿਸਾਨਾਂ ਤੱਕ ਪਹੁੰਚਾਉਣਾ ਸੀ, ਨਾਲ ਗੱਲ ਕੀਤੀ ਤਾਂ ਉਸ ਦਾ ਜਵਾਬ ਸੀ ਕਿ ਮੁਰਗੀਆਂ ਨੂੰ ਟੀਕੇ ਲੱਗਦੇ ਹਨ। ਇਸ ਲਈ ਉਹ ਖਾਦ ਜੈਵਿਕ ਰਹਿੰਦੀ ਹੀ ਨਹੀਂ ਪਰ ਮੈਂ ਸਮਝਦਾ ਹਾਂ ਕਿ ਕਈ ਮਹੀਨੇ ਮੀਂਹ, ਧੁੱਪ ਵਿਚ ਪਈਆਂ ਮੁਰਗੀਆਂ ਦੀਆਂ ਵਿੱਠਾਂ ਦੀ ਖਾਦ ਇੰਨੀ ਜ਼ਹਿਰੀਲੀ ਨਹੀਂ ਰਹਿੰਦੀ। ਇਸ ਗੱਲ 'ਤੇ ਖੋਜ ਹੋਣੀ ਚਾਹੀਦੀ ਹੈ ਅਤੇ ਵਸਤਾਂ ਕੁਦਰਤੀ ਮਾਹੌਲ ਬਣਾਈ ਰੱਖਣ ਅਤੇ ਵੱਧ ਖੇਤੀ ਉਪਜ ਦੇਣ ਲਈ ਸਹਾਇਕ ਹਨ, ਉਨ੍ਹਾਂ ਦੀ ਸਿਫਾਰਸ਼ ਹੋਣੀ ਚਾਹੀਦੀ ਹੈ। ਇਨ੍ਹਾਂ ਰਸਾਇਣਾਂ ਨੇ ਉਹ ਸੂਖਮ ਜੀਵ ਜਿਹੜੇ ਉਪਜ 'ਚ ਵਾਧਾ ਕਰਦੇ ਹਨ ਤੇ ਪੰਛੀਆਂ ਦੀਆਂ ਕਈ ਕਿਸਮਾਂ ਖਤਮ ਕਰ ਦਿੱਤੀਆਂ ਹਨ। ਜੈਵਿਕ ਤੇ ਕੁਦਰਤੀ ਖੇਤੀ ਹੀ ਕੁਦਰਤੀ ਵਾਤਾਵਰਨ ਬਣਾਈ ਰੱਖ ਸਕਦੀ ਹੈ। ਇਸ ਕੁਦਰਤੀ ਵਾਤਾਵਰਨ ਬਣਾਈ ਰੱਖ ਸਕਦੀ ਹੈ। ਇਸ ਬਾਰੇ ਸਰਕਾਰ ਨੂੰ ਸੁਚੇਤ ਹੋਣ ਪੈਣਾ ਹੈ। ਉਸ ਦੀ ਸਰਪ੍ਰਸਤੀ, ਅਗਵਾਈ ਤੇ ਮਦਦ ਤੋਂ ਬਿਨਾਂ ਕੁਦਰਤੀ ਵਾਤਾਵਰਨ ਵਿਚ ਸੁਧਾਰ ਹੋਣਾ ਮੁਸ਼ਕਲ ਹੈ। ਇਸ ਤੋਂ ਪਹਿਲਾਂ ਕਿ ਇਸ ਵਿਚ ਬਹੁਤ ਦੇਰ ਹੋ ਜਾਵੇ, ਸਰਕਾਰ ਨੂੰ ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

# ਕਣਕ, ਕਮਾਦ ਤੇ ਛੱਲੀਆਂ ਥੋੜ੍ਹੇ ਜਿਹੇ ਪਾਣੀਆਂ ਪਲੀਆਂ

ਨਹਿਰੀ ਪਾਣੀ ਆਉਣ ਤੋਂ ਮਗਰੋਂ ਫਸਲਾਂ ਦਾ ਘਰ ਪੂਰਾ ਕਰਨ ਲੱਗਿਆ ਪੁਰਾਤਨ ਵੇਲੇ ਕਿਸਾਨ ਅਕਾਸ਼ ਵਲ ਹੀ ਵੇਖਦਾ ਸੀ ਸਮਾਂ ਲੰਘਾ ਲੈਂਦਾ ਸੀ ਜੇ ਵਰਖਾ ਨਾ ਪੈਂਦੀ ਤਾਂ ਦਰੱਖਤਾ ਦੇ ਪੱਤੇ ਵੀ ਸੁੱਕ ਜਾਂਦੇ ਸਨ। ਕਈ ਵਾਰ ਤਾਂ ਕਾਲ ਵੀ ਪੈ ਜਾਂਦੇ ਸਨ। ਕਣਕ ਗੰਨਾ, ਮੱਕੀ ਅਤੇ ਬਾਜਰਾ ਆਦਿ ਫਸਲਾਂ ਪਾਣੀ ਘੱਟ ਮੰਗਦੀਆਂ ਹਨ। ਇਹ ਫਸਲਾਂ ਉਪਜਾਊ ਜ਼ਮੀਨਾਂ ਵਿਚ ਚੰਗੀਆਂ ਥੋੜੇ ਪਾਣੀਆਂ ਹੋ ਜਾਂਦੀਆਂ ਸਨ। ਇਹਨਾਂ ਨੂੰ ਰੂੜੀ ਖਾਦ ਦੀ ਜ਼ਿਆਦਾ ਲੋੜ ਪੈਂਦੀ ਹੈ। ਜਦ ਰੂੜੀ ਦੀ ਵਰਤੋਂ ਹੋਣ ਲੱਗੀ ਉਸ ਸਮੇਂ ਤੋਂ ਰੂੜੀ ਸੰਭਾਲ ਕੇ ਰੱਖਣ ਲੱਗੇ ਨਿਰੇ ਗੋਹੇ ਦੀ ਰੂੜੀ ਖਾਦ ਨੂੰ ਬਹੁਤ ਉੱਤਮ ਗਿਣਿਆ ਜਾਂਦਾ ਪਹਿਲਾ ਗੋਹੇ ਨੂੰ ਜਾਲਣ ਲਈ ਵਰਤਿਆ ਜਾਂਦਾ ਸੀ ਸਾਉਣ ਦੇ ਮਹੀਨੇ ਕਈ ਵਾਰ ਝੜੀ ਲੱਗ ਜਾਂਦੀ ਅਤੇ ਉਸ ਸਮੇਂ ਗੋਹੇ ਦੀ ਪਾਥੀਆਂ ਬਾਲੀਆਂ ਜਾਂਦੀਆਂ ਸਨ। ਕਮਾਦ ਛੱਲੀਆਂ ਕਣਕ ਹੋਰ ਫਸਲ ਉਸ ਸਮੇਂ ਬੀਜੀਆਂ ਜਾਂਦੀਆਂ ਸਨ ਕਿਉਂਕਿ ਇਹ ਘੱਟ ਹੀ ਪਾਣੀ ਨਾਲ ਪੱਕ ਜਾਂਦੀਆਂ ਸਨ।



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਜਿਵੇਂ ਝੋਨੇ ਦੀ ਫਸਲ ਬਹੁਤ ਜ਼ਿਆਦਾ ਪਾਣੀ ਦੀ ਲੋੜ ਨਾਲ ਪੱਕਦੀ ਹੈ। ਪੰਜਾਬ ਦਾ ਪਾਣੀ ਕਾਫੀ ਥੱਲੇ ਚਲਿਆ ਗਿਆ ਹੈ। ਪਾਣੀ ਦੀ ਬੇਲੋੜੀ ਵਰਤੋਂ ਵੀ ਚੰਗੀ ਨਹੀਂ ਹੈ। ਜਿਵੇਂ ਕਿਸੇ ਨੇ ਕਿਹਾ ਸੀ ਕਿ ਜੇ ਜਲ ਹੈ ਤਾਂ ਕਲ ਹੈ। ਪਾਣੀ ਹੀ ਜ਼ਿੰਦਗੀ ਹੈ। ਇਸ ਲਈ ਇਸ ਦੀ ਵਰਤੋਂ ਲੇਖੇ ਜੋਖੇ ਮੁਤਾਬਕ ਕਰਨ ਦੀ ਜ਼ਰੂਰਤ ਹੈ। ਇਸ ਲਈ ਕਿਸਾਨ ਨੂੰ ਅਜਿਹੀਆਂ ਫਸਲਾਂ ਬੀਜਣੀਆਂ ਚਾਹੀਦੀਆਂ ਹਨ। ਗੁਆਰਾ, ਬਾਜਰਾ, ਤਾਰਾਮੀਰਾ ਸਰ੍ਹੋਂ, ਮੂੰਗੀ, ਮੋਠ ਆਦਿ ਬਹੁਤ ਘੱਟ ਪਾਣੀ ਨਾ ਪਾਲੇ ਜਾ ਸਕਦੇ ਹਨ। ਥੋੜ੍ਹੀ ਰੂੜੀ ਨਾਲ ਇਹ ਫਸਲਾਂ ਚੰਗਾ ਝਾੜ ਦਿੰਦੀਆਂ ਹਨ। ਇਹ ਫਸਲਾਂ ਕਮਜ਼ੋਰ ਜ਼ਮੀਨ ਵਿਚ ਵੀ ਪੈਦਾ ਕੀਤੇ ਜਾ ਸਕਦੇ ਹਨ। ਕਣਕ, ਕਮਾਦ ਤੇ ਛੱਲੀਆਂ ਆਦਿ ਫਸਲਾਂ ਝਾੜ ਵੀ ਚੰਗਾ ਦਿੰਦੀਆਂ ਹਨ। ਕਮਾਦ ਇਕ ਵਾਰ ਹੀ ਸਾਲ ਵਿਚ ਹੁੰਦੀ ਹੈ। ਜੇ ਅਸੀਂ ਇਸ ਪਾਸੇ ਆਵਾਂਗੇ ਤਾਂ ਹੀ ਪਾਣੀ ਦੀ ਬੱਚਤ ਕਰ ਸਕਦੇ ਹਾਂ।

# ਪਸ਼ੂਆਂ ਦੀ ਖ਼ੁਰਾਕ ਅਤੇ ਵਿਛਾਉਣ ਲਈ ਪਰਾਲੀ ਦੀ ਵਰਤੋਂ



ਪਰਮਿੰਦਰ ਸਿੰਘ, ਵਧੀਕ ਨਿਰਦੇਸ਼ਕ ਪਾਸਾਰ ਸਿੱਖਿਆ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ।

ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ ।

★ **ਯੂਰੀਆ ਨਾ ਸੋਧਣਾ** : ਪਰਾਲੀ ਨੂੰ ਯੂਰੀਆ ਨਾਲ ਸੋਧਣ ਦੀ ਵਿੱਧੀ ਸਭ ਤੋਂ ਵੱਧ ਪ੍ਰਚੱਲਤ ਹੈ ਕਿਉਕਿ ਯੂਰੀਆ ਬਾਰੇ ਸਾਰੇ ਕਿਸਾਨ ਅਤੇ ਪਸ਼ੂ ਪਾਲਕ ਜਾਣੂ ਹਨ। ਇਸਦੀ ਉਪਲੱਭਤਾ, ਸੰਭਾਲ, ਵਰਤੋਂ (ਖਾਦਾਂ ਲਈ), ਸਾਵਧਾਨੀਆਂ ਆਦਿ ਬਾਰੇ ਵੀ ਸਾਰਿਆਂ ਨੂੰ ਸਮੇਂ ਸਮੇਂ ਤੇ ਖੇਤੀਬਾੜੀ ਮਹਿਕਮਾ ਸੂਚਿਤ ਕਰਦਾ ਰਹਿੰਦਾ ਹੈ। ਪਰਾਲੀ ਨੂੰ ਸੋਧਣ ਲਈ ਬਹੁ ਪ੍ਰਚਲਤ ਤਰੀਕਾ ਹੈ ਕਿ 400 ਕਿਲੋ ਪਰਾਲੀ ਲੈ ਕੇ 200 ਲਿਟਰ ਪਾਣੀ ਵਿਚ 14 ਕਿਲੋ ਯੂਰੀਆ ਦਾ ਘੋਲ ਬਣਾ ਕੇ ਛੜਕਾ ਕਰਨਾ ਹੈ ਤੇ ਫੇਰ ਤਰੰਗਲੀ ਨਾਲ ਪਲਟਾ ਕੇ ਪਰਾਲੀ ਦਾ ਕੁਪ ਅਜਿਹੀ ਥਾਂ ਤੇ ਬਣਾਉਣ ਹੈ ਕਿ ਮੀਂਹ ਹਨੇਰੀ ਤੋਂ ਬਚਿਆ ਜਾ ਸਕੇ। 10 ਦਿਨਾਂ ਬਾਅਦ ਕੁੱਪ ਖੋਲ ਕੇ ਆਹਿਸਤਾ ਆਹਿਸਤਾ ਲਵੇਰਿਆਂ ਨੂੰ ਗਿਝਾਉਂਣਾ ਹੈ । ਇਸ ਵਿਧੀ ਰਾਹੀਂ ਲਵੇਰੇ ਰੋਜ਼ਾਨਾ 3-4 ਕਿਲੋ ਪਰਾਲੀ ਅਰਾਮ ਨਾਲ ਖਾ ਸਕਦੇ ਹਨ । 1-2 ਕਿਲੋ ਦੁੱਧ ਵੀ ਵੱਧਦਾ ਹੈ ਤੇ ਲਵੇਰਿਆਂ ਨੂੰ ਕਬਜ਼ ਵੀ ਨਹੀਂ ਹੁੰਦੀ ।

ਕਈ ਵਾਰ ਯੂਰੀਆ ਸੋਧਣ ਦੇ ਨਤੀਜੇ ਤਸੱਲੀਬਖਸ਼ ਨਹੀਂ ਆਓਣ ਕਾਰਨ; ਯੂਰੀਆ ਦੀ ਮਿਕਦਾਰ, ਤਾਪਮਾਨ, ਕੁਪ ਬਨਣ ਦਾ ਸਮਾਂ, ਪਰਾਲੀ ਵਿਚਲੀ ਨਮੀ, ਪਰਾਲੀ ਦੀ ਕੁਆਲਿਟੀ ਆਦਿ। ਸਰਦੀਆਂ ਵਿਚ ਪਰਾਲੀ ਨੂੰ ਸੋਧਣ ਦੇ ਗਰਮੀਆਂ ਦੇ ਮੁਕਾਬਲੇ ਨਤੀਜੇ ਘੱਟ ਆਉਂਦੇ ਹਨ । ਜੇ ਯੂਰੀਆ ਸੋਧੀ ਪਰਾਲੀ ਪੋਲੀਥੀਨ ਵਿਚ 28 ਦਿਨਾਂ ਤੱਕ ਰੱਖੀ ਜਾਏ ਤਾਂ ਪਰਾਲੀ ਦੀ ਪੱਚਣ ਸ਼ਕਤੀ ਵਿਚ ਵਾਧਾ ਹੁੰਦਾ ਹੈ। ਸੋਧ ਲਈ ਵਰਤੀ ਜਾ ਰਹੀ ਪਰਾਲੀ ਦੀ ਨਮੀ 35-65 ਫੀਸਦੀ ਹੋਣੀ ਚਾਹੀਦੀ ਹੈ ਤਾਂ ਕਿ ਵੱਧ ਤੋਂ ਵੱਧ ਕੀਟਾਣੂ ਇਸਨੂੰ ਹਜ਼ਮ ਕਰ ਸਕਣ । ਸੋਧੀ ਹੋਈ ਪਰਾਲੀ ਨਾਲ ਬਗੈਰ ਹਰੇ ਚਾਰੇ ਤੋਂ ਕੱਟੜੂਆਂ-ਵੱਛੜੂਆਂ ਦਾ ਰੋਜਾਨਾ 250-300 ਗ੍ਰਾਮ ਭਾਰ 'ਚ ਵਾਧਾ ਦੇਖਿਆ ਗਿਆ ਹੈ। ਇਸੇ ਤਰ੍ਹਾਂ ਲਵੇਰੀਆਂ ਦਾ ਦੁੱਧ ਵੀ 250 ਗ੍ਰਾਮ ਤੋਂ 1.5 ਕਿਲੋ ਤੱਕ ਵੱਧਦਾ ਹੈ ।

★ **ਜੀਵਾਣੂ ਸੋਧ** : ਪਰਾਲੀ ਨੂੰ ਪਸ਼ੂਆਂ ਲਈ ਹਜ਼ਮਯੋਗ ਬਣਾਉਣ ਲਈ ਅੱਜਕਲ ਕਈ ਕਿਸਮ ਦੇ ਖਮੀਰ (ਜਾਗ) ਵਰਤੋਂ ਵਿਚ ਲਿਆਂਦੇ ਜਾ ਰਹੇ ਹਨ । ਇਨ੍ਹਾਂ ਖਮੀਰਾਂ ਵਿਚ ਕਈ ਕਿਸਮ ਦੇ ਮਿੱਤਰ ਬੈਕਟੀਰੀਆ, ਯੀਸਟ ਅਤੇ ਉੱਲੀ ਦਾ ਇਸਤੇਮਾਲ ਹੁੰਦਾ ਹੈ। ਕੁਝ ਕੰਪਨੀਆਂ ਰੇਸ਼ੇ ਨੂੰ ਹਜ਼ਮ ਕਰਨ ਵਾਲੇ ਇੰਜ਼ਾਇਮ (Enzymes) ਦੀ ਵਰਤੋਂ ਕਰ ਰਹੀਆਂ ਹਨ । ਜੇ ਪਰਾਲੀ ਨੂੰ 50-60 ਦਿਨ ਇਨ੍ਹਾਂ ਜੀਵਾਣੂਆਂ ਨਾਲ ਸਾਂਭ ਕੇ ਰਖਿਆ ਜਾਏ ਤਾਂ ਲਿਗਨਿਨ ਦੀ ਮਾਤਰਾ 35-40% ਘੱਟ ਜਾਂਦੀ ਹੈ, ਸੈਲੂਲੋਜ਼ ਅਤੇ ਹੇਮੀਸੈਲੁਲੋਜ਼ 50% ਵੱਧ ਹਜ਼ਮ ਹੁੰਦੇ ਹਨ । ਜਿਹੜੇ ਕਿਸਾਨ ਕਹਿੰਦੇ ਸੀ ਕਿ ਪਰਾਲੀ ਗੋਹੇ ਵਿਚੋਂ ਸਾਬਤੀ ਨਿਕਲ ਰਹੀ ਹੈ, ਉਨ੍ਹਾਂ ਦੇ ਮੁਤਾਬਿਕ ਹੁਣ ਇਕ ਵੀ ਕਣ ਪਰਾਲੀ ਦਾ ਗੋਹੇ 'ਚੋਂ ਬਾਹਰ ਨਹੀਂ ਆਉਂਦਾ । ਦੁੱਧ ਦੀ ਪੈਦਾਵਾਰ ਬਿਨਾਂ ਹਰੇ ਤੋਂ ਵੀ ਬਰਕਰਾਰ ਰਹਿੰਦੀ ਹੈ ।

**ਪਰਾਲੀ ਦਾ ਬਿਛਾਉਣਾ** : ਇਕ ਲਵੇਰੀ 24 ਘੰਟਿਆਂ ਵਿਚੋਂ ਲਗਭਗ 15-16 ਘੰਟੇ ਬੈਠਣਾ ਚਾਹੁੰਦੀ ਹੈ। ਉਹ ਬੈਠ ਕੇ ਜੁਗਾਲੀ ਕਰਨਾ ਚਾਹੁੰਦੀ ਹੈ । ਉਸਨੂੰ ਬੈਠਣ ਵਾਲੀ ਜਗਾਹ ਨਰਮ ਚਾਹੀਦੀ ਹੈ, ਸੁੱਕੀ ਚਾਹੀਦੀ ਹੈ ਤੇ ਸਰਦੀਆਂ ਵਿਚ ਨਿੱਘੀ ਅਤੇ ਗਰਮੀਆਂ ਵਿਚ ਠੰਡੀ ਚਾਹੀਦੀ ਹੈ। ਨਰਮ ਫਰਸ਼ ਨਾਲ ਜਿੱਥੇ ਲਵੇਰੀ ਨੂੰ ਆਰਾਮ ਮਿਲਦਾ ਹੈ, ਸੱਟਾਂ ਘੱਟ ਲਗਦੀਆਂ ਹਨ ਉਥੇ ਥਣਾਂ ਦਾ ਸੋਜਾ ਵੀ ਘੱਟ ਜਾਂਦਾ ਹੈ । ਬਿਨ੍ਹਾਂ ਅਰਾਮਦਾਇਕ ਫਰਸ਼ਾਂ ਸਦਕਾ ਲਵੇਰੇ ਲੰਗ ਮਾਰਨ ਲੱਗ ਪੈਂਦੇ ਹਨ । ਪਰਾਲੀ ਇਕ ਬਹੁਤ ਉਪਯੋਗੀ ਬਿੱਛ ਸਾਬਤ ਹੋਈ ਹੈ । 3-4 ਇੰਚ ਮੋਟੀ ਤਹਿ ਪਰਾਲੀ ਦੀ ਜੇ ਲਵੇਰਿਆਂ ਦੇ ਹੇਠਾਂ ਰੱਖੀਏ (ਖਾਸ ਕਰਕੇ ਸਰਦੀਆਂ 'ਚ) ਤਾਂ ਉਹ ਲੰਬਾ ਸਮਾਂ ਬਹਿੰਦੀਆਂ ਹਨ, ਜੁਗਾਲੀ ਵੱਧ ਕਰਦੀਆਂ ਹਨ, ਦੁੱਧ ਵੀ ਵਧਾਉਂਦੀਆਂ ਹਨ । ਨਵ ਜੰਮੇ ਨੂੰ ਸੱਟ, ਫਿਸਲਣ ਦਾ ਖਤਰਾ ਘੱਟਦਾ ਹੈ, ਨਿੱਘ ਮਿਲਦਾ ਹੈ । ਪਰਾਲੀ ਫਾਲਤੂ ਅਮੋਨੀਆਂ ਗੈਸ ਵੀ ਬਣਨ ਨਹੀਂ ਦਿੰਦੀ, ਮੋਕ ਘੱਟ ਲੱਗਦੀ ਹੈ। ਅੱਜਮਲ ਬਜ਼ਾਰ 'ਚ ਵਿਕ ਰਹੇ ਰੱਬੜ/ਪਲਾਸਟਿਕ ਦੀਆਂ ਦਰੀਆਂ ਨਾਲੋਂ ਪਰਾਲੀ ਦੀ ਸੁੱਕ ਸਸਤੀ ਪੈਂਦੀ ਹੈ। ਇਸਨੂੰ 5-6 ਦਿਨਾਂ ਬਾਅਦ ਵਰਤ ਤੇ ਕੰਪੋਸਟ ਬਣਾ ਲੈਣੀ ਚਾਹੀਦੀ ਹੈ। ਪਰਾਲੀ ਦਾ ਇਸਤੇਮਾਲ ਤਾਂ ਅੱਜਕਲ ਸੂਰਾਂ ਦੇ ਫਾਰਮਾਂ ਤੇ ਵੀ ਦੇਖਣ ਨੂੰ ਮਿਲਿਆ ਹੈ। ਸੂਣ ਵਾਲੀ ਸੂਰੀ ਦੀ ਬਿੱਛ ਪਰਾਲੀ ਸਦਕਾ ਆਰਾਮਦਾਇਕ ਰਹਿੰਦੀ ਹੈ ।

**ਕੰਪੋਸਟ (ਖਾਦ)** : ਡੇਅਰੀ ਫਾਰਮ ਤੇ ਉਪਲੱਬਧ ਗੋਹੇ ਤੇ ਪਰਾਲੀ ਦਾ ਮਿਸ਼ਰਣ ਇਕ ਬਹੁਤ ਵਧੀਆ ਜੈਵਿਕ ਖਾਦ ਦੇ ਰੂਪ 'ਚ ਵਰਤਿਆ ਜਾ ਰਿਹਾ ਹੈ । ਗੋਹੇ ਤੇ ਪਰਾਲੀ ਦਾ ਸੁਮੇਲ ਇਕ ਗੁਣਕਾਰੀ ਖਾਦ ਤਿਆਰ ਕਰਨ 'ਚ ਸਹਾਈ ਹੁੰਦਾ ਹੈ ਕਿਉਕਿ ਗੋਹੇ ਵਿਚ ਨਮੀਂ ਦੇ ਨਾਲ ਨਾਲ ਪ੍ਰੋਟੀਨ ਭਾਵ ਨਾਈਟ੍ਰੋਜਨ ਤਾਂ ਬਹੁਤ ਹੁੰਦੀ ਹੈ ਪਰ ਕਾਰਬਨ ਦੀ ਮਾਤਰਾ ਘੱਟ ਹੁੰਦੀ ਹੈ ਜੋ ਕਿ ਪਰਾਲੀ ਵਿਚ ਭਰਪੂਰ ਹੁੰਦੀ ਹੈ । ਇਹ ਦੇਖਿਆ ਗਿਆ ਹੈ ਕਿ ਸ਼ੁਰੂ ਵਿਚ ਇਸ ਮਿਸ਼ਰਨ ਦੀ ਨਮੀਂ 65% ਹੁੰਦੀ ਹੈ ਜੋ ਕਿ ਜੀਵਾਣੂਆਂ ਦੇ ਵਾਧੇ ਲਈ ਉਪਯੋਗੀ ਹੁੰਦੀ ਹੈ ਤੇ ਇਸ ਨਾਲ ਅੰਦਰ ਦਾ ਤਾਪਮਾਨ ਵੀ ਵੱਧਦਾ ਹੈ ਅਤੇਅਮੋਨੀਆ ਗੈਸ ਵੀ ਘੱਟ ਬਣਦੀ ਹੈ ।

**ਪਰਾਲੀ ਦੀ ਮੁਰਗੀ ਖਾਨਿਆਂ ਵਿਚ ਵਰਤੋਂ** : ਮੁਰਗੀਆਂ ਨੂੰ ਸਰਦੀਆਂ ਅਤੇ ਗਰਮੀਆਂ ਤੋਂ ਬਚਾਉਣ ਲਈ ਪਰਾਲੀ ਦਾ ਇਸਤੇਮਾਲ ਕੀਤਾ ਜਾਂਦਾ ਹੈ। 4-5 ਇੰਚ ਦੀ ਮੋਟੀ ਤਹਿ ਛੱਤਾਂ ਤੇ ਵਿਛਾਈ ਜਾਂਦੀ ਹੈ, ਜਿਸ ਨਾਲ ਮੁਰਗੀ ਖਾਨਿਆਂ ਦਾ ਤਾਪਮਾਨ ਨਿਰੰਤਰ ਕੰਟਰੋਲ ਵਿਚ ਰਹਿੰਦਾ ਹੈ। ਇਸ ਤਰ੍ਹਾਂ ਦੀ ਪਰਾਲੀ 2-3 ਸਾਲ ਕੱਢ ਜਾਂਦੀ ਹੈ । ਇਹ ਦੇਖਣ 'ਚ ਆਇਆ ਹੈ ਕਿ ਸ਼ੈਡ ਦਾ ਅੰਦਰਲਾ ਤਾਪਮਾਨ ਬਾਹਰਲੇ ਤਾਪਮਾਨ ਤੋਂ 3-4 ਡਿਗਰੀ ਸਰਦੀਆਂ ਵਿਚ ਵੱਧ ਅਤੇ ਗਰਮੀਆਂ ਵਿਚ ਘੱਟ ਰਹਿੰਦਾ ਹੈ। ਇਸ ਨਾਲ ਮੌਤ ਦਰ ਘੱਟਦੀ ਹੈ, ਪੈਦਾਵਾਰ ਬਰਕਰਾਰ ਰਹਿੰਦੀ ਹੈ। ਬਰਾਇਲਰ ਫਾਰਮ ਜ਼ਿਆਦਾਤਰ ਲਿਟਰ ਸਿਸਟਮ ਵਾਲੇ ਹੁੰਦੇ ਹਨ, ਇਨ੍ਹਾਂ ਦੇ ਫਰਸ਼ ਤੇ ਚੌਲਾਂ ਦੀ ਫੱਕ ਦਾ ਇਸਤੇਮਾਲ ਹੁੰਦਾ ਹੈ ਜੋ ਸ਼ੈਲਰਾਂ ਦੇ ਬਾਹਰ ਖਿਲਰੀ ਹੁੰਦੀ ਹੈ । ਪਰ ਜੇ ਪਰਾਲੀ ਕੁਤਰ ਕੇ ਬਰਾਇਲਰ ਫਾਰਮਾਂ ਤੇ ਬਿਛੌਣੇਂ ਦੇ ਰੂਪ ਵਿਚ ਇਸਤੇਮਾਲ ਕੀਤਾ ਜਾਏ ਤਾਂ ਦੇਖਣ ਵਿਚ ਆਇਆ ਹੈ ਕਿ ਉੱਥੇ ਵਾਧੇ ਦੀ ਦਰ ਜ਼ਿਆਦਾ ਹੁੰਦੀ ਹੈ, ਮੌਤ ਦਰ ਵਿਚ ਕਮੀ ਆਉਂਦੀ ਹੈ ਕਿਉਕਿ ਪਰਾਲੀ ਵਿਚ ਪਾਣੀ ਨੂੰ ਸੋਕਣ ਦੀ ਤਾਕਤ ਫੱਕ ਨਾਲੋਂ ਵਧੇਰੇ ਹੁੰਦੀ ਹੈ । ਪਰਾਲੀ ਵਿਚਲੇ ਸੈਲੁਲੋਜ਼ ਅਤੇ ਸਿਲੀਕਾ (ਰੇਤਾ)ਕਰਕੇ ਇਹ ਨਮੀਂ ਜ਼ਿਆਦਾ ਸੋਕਦਾ ਹੈ ।

ਉਪਰ ਲਿਖੇ ਗੁਣਾਂ ਕਰਕੇ ਜਿੰਨਾ ਹੋ ਸਕੇ ਸਾਨੂੰ ਵੱਧ ਤੋਂ ਵੱਧ ਪਰਾਲੀ ਦਾ ਇਸਤੇਮਾਲ ਕਰਨਾ ਚਾਹੀਦਾ ਹੈ । ਭਾਵੇਂ ਇਸ ਨੂੰ ਇਸਤੇਮਾਲ ਕਰਨ ਵਿਚ ਮਿਹਨਤ ਅਤੇ ਵਕਤ ਸਿਰ ਬੰਦਿਆਂ ਦੀ ਜ਼ਰੂਰਤ ਪੈਂਦੀ ਹੈ ਪਰ ਇਹ ਆਪਣੀ ਸਿਹਤ, ਵਾਤਾਵਰਨ ਅਤੇ ਪੰਜਾਬ ਵਾਸਤੇ ਅਤਿ ਜ਼ਰੂਰੀ ਹੈ ।

## ਕਿਸਾਨ ਵੀਰੋ !

# ਪਰਾਲੀ ਨਾ ਸਾੜੋ

- ★ ਪਰਾਲੀ ਸਾੜਨ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਬਹੁਤ ਸਾਰੇ ਜੀਵ ਖਤਮ ਹੋ ਜਾਂਦੇ ਹਨ, ਮਿੱਟੀ ਲਈ ਜ਼ਰੂਰੀ ਜੈਵਿਕ ਤੱਤ ਨਸ਼ਟ ਹੋ ਜਾਂਦੇ ਹਨ ।
- ★ ਪਰਾਲੀ ਨੂੰ ਖੇਤ ਵਿੱਚ ਵਾਹ ਕੇ ਕਈ ਰਸਾਇਣਕ ਤੱਤਾਂ ਦੀ ਬੱਚਤ ਹੁੰਦੀ ਹੈ ।
- ★ ਖੇਤ ਵਿੱਚ ਪਰਾਲੀ ਸੰਭਾਲਣ ਲਈ ਬਹੁਤ ਸਾਰੀ ਕਾਰਗਰ ਮਸ਼ੀਨਰੀ ਮੌਜੂਦ ਹੈ ।
- ★ ਖੇਤ ਤੋਂ ਬਾਹਰ ਪਰਾਲੀ ਸੰਭਾਲ ਕੇ ਮੁਨਾਫੇ ਦੇ ਕਈ ਰਾਹ ਹਨ ।
- ★ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦਿਓ ।
- ★ ਖੇਤ ਵਿੱਚ ਹੀ ਪਰਾਲੀ ਨੂੰ ਸੰਭਾਲਣ ਲਈ ਪੀ ਏ ਯੂ ਦੀ ਸੁਪਰ ਐੱਸ. ਐੱਮ. ਐੱਸ, ਉਲਟਾਵੇਂ ਹੱਲ ਅਤੇ ਰੋਟਾਵੇਟਰ ਤਕਨੀਕਾਂ ਨੂੰ ਅਪਨਾਓ ।
- ★ ਖੜ੍ਹੀ ਪਰਾਲੀ ਵਿੱਚ ਹੀ ਹੈਪੀ ਸੀਡਰ ਮਸ਼ੀਨ ਨਾਲ ਕਣਕ ਦੀ ਸਿੱਧੀ ਬਿਜਾਈ ਨੂੰ ਹੀ ਤਰਜ਼ੀਹ ਦਿਉ ।
- ★ ਇਨ੍ਹਾਂ ਢੰਗਾਂ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ, ਝਾੜ ਬਿਹਤਰ ਹੁੰਦਾ ਹੈ ਅਤੇ ਨਦੀਨ ਘੱਟ ਉੱਗਦੇ ਹਨ ।
- ★ ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ ।



# ਸਾਈਲੇਜ ਵਿਚ ਉੱਲੀ ਦੀ ਸਮੱਸਿਆ : ਕਾਰਨ ਅਤੇ ਰੋਕਥਾਮ

ਅਪਰਣਾ, ਸਤਬੀਰ ਸਿੰਘ ਅਤੇ ਜਸਪਾਲ ਸਿੰਘ ਹੁੰਦਲ,
ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ (ਮੋ. 73407-24999)

**ਜੇਕਰ ਸਾਈਲੇਜ ਵਿਚ ਬੈਕਟੀਰੀਆ, ਮੋਲਡ, ਉੱਲੀ ਅਤੇ ਉਹਨਾਂ ਦੇ ਮੈਟਾਬੋਲਾਈਟਸ, ਭਾਵ ਮਾਈਕੋਟੋਕਿਸਨ ਦੀ ਮੌਜੂਦਗੀ ਹੋਵੇ ਤਾਂ ਇਸਦੇ ਪਸ਼ੂਆਂ ਦੀ ਸਿਹਤ ਅਤੇ ਉਤਪਾਦਨ ਤੇ ਪ੍ਰਭਾਵ ਦੇਖੇ ਗਏ ਹਨ । ਇਹੋ ਕਾਰਨ ਹੈ ਕਿ ਉੱਲੀ ਦਾ ਸੰਕਰਮਣ ਪਸ਼ੂਆਂ ਦੇ ਸਟੋਰ ਕੀਤੇ ਜਾਂਦੇ ਖੁਰਾਕੀ ਪਦਾਰਥਾਂ ਜਿਵੇਂ ਕਿ ਫੀਡ/ਵੰਡ ਅਤੇ ਸਾਈਲੇਜ ਲਈ ਵੱਡੀ ਚਿੰਤਾ ਦਾ ਵਿਸ਼ਾ ਹੈ ।**

ਸਾਈਲੇਜ/ਚਾਰੇ ਦਾ ਅਚਾਰ ਸੋਧਿਆ ਹੋਇਆ ਚਾਰਾ ਹੈ ਜੋ ਐਨਐਰੋਬਿਕ ਹਾਲਤਾਂ (ਆਕਸੀਜਨ ਦੀ ਗੈਰ ਮੌਜੂਦਗੀ) ਵਿਚ ਲੈਕਟਿਕ ਫਰਮੈਟੇਸ਼ਨ ਦੁਆਰਾ ਸਾਂਭਿਆ ਜਾਂਦਾ ਹੈ । ਸਾਈਲੇਜ ਬਨਾਉਣ ਦੀ ਕਿਰਿਆ (ਐਨਸਾਇਲਿੰਗ) ਦਾ ਮੁਢਲੀ ਉਦੇਸ਼ ਹੈ ਕਿ ਚਾਰੇ ਦੀ ਫਸਲ ਦੀ ਪੌਸ਼ਟਿਕ ਗੁਣਵੱਤਾ ਵਿਚ ਘੱਟ ਤੋਂ ਘੱਟ ਨੁਕਸਾਨ ਨਾਲ ਚਾਰੇ ਨੂੰ ਲੰਮੇ ਸਮੇਂ ਤੱਕ ਸੁਰੱਖਿਅਤ ਰੱਖਿਆ ਜਾ ਸਕੇ ਤਾਂ ਜੋ ਚਾਰੇ ਦੀ ਕਮੀ ਦੇ ਸਮੇਂ ਪਸ਼ੂਆਂ ਦੀ ਖੁਰਾਕ ਵਜੋਂ ਇਸਦੀ ਵਰਤੋਂ ਕੀਤੀ ਜਾ ਸਕੇ । ਵਰਤਮਾਨ ਸਮੇਂ ਵਿਚ ਸਾਈਲੇਜ ਦੀ ਗੁਣਵੱਤਾ ਦਾ ਮੁਲਾਂਕਣ ਰਸਾਇਣਕ ਮਾਪਦੰਡਾਂ ਅਨੁਸਾਰ ਜਿਵੇਂ ਕਿ ਖੁਸ਼ਕ ਮਾਦਾ, pH, ਨਿਊਟਰਲ ਡਿਟਰਜੈਂਟ ਫਾਈਬਰ (NDF), ਐਸਿਡ ਡਿਟਰਜੈਂਟ ਫਾਈਬਰ (ADF), ਲੈਕਟਿਕ ਐਸਿਡ, ਐਸੀਟਿਕ ਐਸਿਡ ਆਦਿ ਦੁਆਰਾ ਕੀਤਾ ਜਾਂਦਾ ਹੈ, ਜਦਕਿ, ਜੇਕਰ ਸਾਈਲੇਜ ਵਿਚ ਬੈਕਟੀਰੀਆ, ਮੋਲਡ, ਉੱਲੀ ਅਤੇ ਉਹਨਾਂ ਦੇ ਮੈਟਾਬੋਲਾਈਟਸ, ਭਾਵ ਮਾਈਕੋਟੋਕਿਸਨ, ਦੀ ਮੌਜੂਦਗੀ ਹੋਵੇ ਤਾਂ ਇਸਦੇ ਪਸ਼ੂਆਂ ਦੀ ਸਿਹਤ ਅਤੇ ਉਤਪਾਦਨ ਤੇ ਪ੍ਰਭਾਵ ਦੇਖੇ ਗਏ ਹਨ । ਇਹੋ ਕਾਰਨ ਹੈ ਕਿ ਉੱਲੀ ਦਾ ਸੰਕਰਮਣ ਪਸ਼ੂਆਂ ਦੇ ਸਟੋਰ ਕੀਤੇ ਜਾਂਦੇ ਖੁਰਾਕੀ ਪਦਾਰਥਾਂ ਜਿਵੇਂ ਕਿ ਫੀਡ/ਵੰਡ ਅਤੇ ਸਾਈਲੇਜ ਲਈ ਵੱਡੀ ਚਿੰਤਾ ਦਾ ਵਿਸ਼ਾ ਹੈ ।



ਸਾਈਲੇਜ ਦੀ ਉੱਲੀ ਦੇ ਸੰਕਰਮਣ ਕਾਰਨ ਇਸ ਉੱਪਰ ਉੱਲੀ ਤੇ ਤੰਤੂ ਅਤੇ ਰੰਗੀਨ ਸਪੋਰ ਦਿਖਾਈ ਦੇਣ ਲੱਗ ਪੈਂਦੇ ਹਨ ਜਿਸ ਦੇ ਫਲਸਰੂਪ ਅਚਾਰ ਵਿਚ ਉੱਲੀਂ ਤੋਂ ਪੈਦਾ ਹੋਣ ਵਾਲੇ ਹਾਨੀਕਾਰਕ ਰਸਾਇਣ ਭਾਵ ਮਾਈਕੋਟੋਕਿਸਨ ਇਕੱਠੇ ਹੋ ਜਾਂਦੇ ਹਨ । ਮਾਈਕੋਟੋਕਿਸਨ ਪ੍ਰਭਾਵਿਤ ਅਚਾਰ ਪਸ਼ੂਆਂ ਦੀ ਖਪਤ ਯੋਗ ਨਹੀਂ ਹੁੰਦਾ ।

ਅਸਲ ਵਿਚ ਸਾਈਲੇਜ ਬਨਾਉਣ ਲਈ ਵਰਤਿਆ ਜਾਣ ਵਾਲਾ ਚਾਰਾ ਕਾਸ਼ਤ ਦੇ ਦੌਰਾਨ ਹੀ ਖੇਤ ਵਿਚਲੀ ਯੀਸਟ ਅਤੇ ਉੱਲੀ ਆਦਿ ਦੇ ਸੰਪਰਕ ਵਿਚ ਹੁੰਦਾ ਹੈ । ਇਹੋ ਕਾਰਨ ਹੈ ਕਿ ਸਾਈਲੇਜ ਵਿਚ ਉੱਲੀ ਦਾ ਸੰਕਰਮਣ ਚਾਰਿਆਂ ਦੀ ਕਾਸ਼ਤ, ਵਾਢੀ, ਸੰਭਾਲ, ਤੁਆਈ ਜਾਂ ਤਿਆਰ ਸਾਈਲੇਜ ਨੂੰ ਕੱਢਣ ਵੇਲੇ ਹੋ ਸਕਦਾ ਹੈ ।

**ਸਾਈਲੇਜ ਵਿਚ ਉੱਲੀ ਦਾ ਸੰਕਰਮਣ ਪ੍ਰਭਾਵਿਤ ਕਰਨ ਵਾਲੇ ਕਾਰਕ**

ਸਾਈਲੇਜ ਵਿਚ ਉੱਲੀ ਦਾ ਸੰਕਰਮਣ ਕਰਣ ਵਿਚ ਵਾਤਾਵਰਣ, ਕਾਸ਼ਤ ਦੌਰਾਨ ਰਹੀਆਂ ਊਣਤਾਈਆਂ ਅਤੇ ਸਾਈਲੇਜ ਦੇ ਰੱਖ ਰਖਾਵ, ਸਾਰੇ ਕਾਰਕ ਉੱਤਰਦਾਈ ਹਨ ।

**ਵਾਤਾਵਰਣ ਕਾਰਨ** : 10 ਤੋਂ 25 ਡਿਗਰੀ ਵਿਚਕਾਰ ਤਾਪਮਾਨ ਅਤੇ 0.7 ਤੋਂ ਵੱਧ ਪਾਣੀ ਦੀ ਗਤੀਵਿਧੀ ਉੱਲੀ ਦੇ ਵਿਕਾਸ ਲਈ ਅਨੁਕੂਲ ਸਥਿਤੀਆਂ ਹਨ । ਮੱਕੀ ਵਿਚ ਸੂਤ ਕਤਣਾ (ਸਿਲਕਿੰਗ) ਅਵਸਥਾ ਦੇ ਨੇੜੇ ਤਾਪਮਾਨ ਠੰਡਾ ਅਤੇ ਨਮੀ ਭਰਪੂਰ ਠੰਡਾ ਅਤੇ ਨਮੀਂ ਭਰਪੂਰ ਹੋਣ ਤੇ ਉੱਲੀ ਸੰਕਰਮਣ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ ।

**ਚਾਰੇ ਦੀ ਕਾਸ਼ਤ ਅਤੇ ਕਟਾਈ ਨਾਲ ਸਬੰਧਤ ਕਾਰਕ**

ਜਾਨਵਰ, ਪੰਛੀ ਜਾਂ ਕੀੜਿਆਂ ਦੇ ਹਮਲੇ ਨਾਲ ਚਾਰੇ ਦੀ ਫਸਲ ਨੂੰ ਹੋਏ ਭੌਤਿਕ ਨੁਕਸਾਨ ਰਾਹੀਂ ਖੇਤ ਵਿਚ ਹੀ ਚਾਰੇ ਤੇ ਉੱਲੀ ਦਾ ਚਾਰੇ ਤੇ ਉੱਲੀ ਦਾ ਸੰਕਰਮਣ ਤੋ ਸਕਦੀ ਹੈ । ਇਸ ਲਈ ਚਾਰੇ ਦੀ ਕਾਸ਼ਤ ਸਬੰਧੀ ਪੀ ਏ ਯੂ ਦੀਆਂ ਸਿਫਾਰਸ਼ਾਂ ਦਾ ਪਾਲਣ ਕਰਨਾ ਜ਼ਰੂਰੀ ਹੈ ।

ਇਸ ਤੋਂ ਇਲਾਵਾ ਸਿਫਾਰਿਸ਼ ਸਮੇਂ ਤੋਂ ਪਹਿਲਾਂ ਜਾਂ ਦੇਰੀ ਨਾਲ ਕੀਤੀ ਚਾਰੇ ਦੀ ਕਟਾਈ ਤੋਂ ਬਾਅਦ ਦੇਰ ਨਾਲ ਜਾਂ ਹੌਲੀ ਹੌਲੀ ਸਾਇਲੋ ਵਿਚ ਪੈਕ ਕਰਨਾ, ਘੱਟ ਤੁਆਈ ਕਰਨਾ, ਸਾਇਲੋ ਨੂੰ ਲੋੜ ਮੁਤਾਬਿਕ ਹਵਾਬੰਦ ਨਾ ਕਰਨਾ ਕੁੱਝ ਪ੍ਰਮੁੱਖ ਕਾਰਣ ਹਨ ਜਿਹਨਾਂ ਕਾਰਨ ਸਾਇਲੇਜ ਨੂੰ ਉੱਲੀ ਲੱਗ ਸਕਦੀ ਹੈ ।

**ਸਾਈਲੇਜ ਸਬੰਧੀ ਕਾਰਕ** : ਇਕ ਵਾਰ ਖੋਲੇ ਹੋਏ ਅਚਾਰ ਨੂੰ ਲਗਾਤਾਰ ਨਾ ਕੱਢਣਾ, ਕੱਢਣ ਤੋਂ ਬਾਅਦ ਉਸਨੂੰ ਸਹੀ ਢੰਗ ਨਾਲ ਨਾ ਢਕਣਾ ਅਤੇ ਹਵਾਬੰਦ ਕਰਨ ਵਾਲੇ ਪੌਲੀਥੀਨ ਦਾ ਚੂਹਿਆਂ, ਮੀਂਹ ਆਦਿ ਕਾਰਨ ਖਰਾਬ ਹੋਏ ਹੋਣਾ; ਤਿਆਰ ਹੋਏ ਸਾਇਲੇਜ ਨੂੰ ਵੀ ਖਰਾਬ ਕਰ ਸਕਦੇ ਹਨ । ਇਸੇ ਤਰ੍ਹਾਂ ਗੱਠਾਂ ਦੀ ਆਵਾਜਾਈ ਦੌਰਾਨ ਵੀ ਫਟਿਆ ਹੋਇਆ ਪੋਲੀਥੀਨ ਦਿੱਕਤ ਪੈਦਾ ਕਰ ਸਕਦਾ ਹੈ ।

**ਸਾਈਲੇਜ ਵਿਚ ਉੱਲੀ ਦੇ ਸੰਕ੍ਰਮਣ ਦਾ ਨਿਯੰਤਰਣ ਵਾਢੀ ਤੋਂ ਪਹਿਲਾਂ ਕੰਟਰੋਲ** : ਵਾਢੀ ਤੋਂ ਪਹਿਲਾਂ ਦੇ ਉੱਲੀ ਸੰਕਰਮਣ ਨੂੰ ਸਿਫਰਿਸ਼ ਵਿਗਿਆਨਕ ਸੇਧਾਂ ਨੂੰ ਅਪਨਾ ਕੇ ਘਟਾਇਆ ਜਾ ਸਕਦਾ ਹੈ ਜਿਵੇਂ ਕਿ ਚਾਰੇ ਦੀਆਂ ਉਹਨਾਂ ਕਿਸਮਾਂ ਦੀ ਵਰਤੋਂ ਜੋ ਸਥਾਨਕ ਸਥਿਤੀਆਂ ਦੇ ਅਨੁਕੂਲ ਹਨ (ਜਿਵੇਂ ਕਿ ਪੀ. ਏ. ਯੂ ਵੱਲੋਂ ਸਿਫਾਰਿਸ਼ ਕਿਸਮਾਂ) । ਸੰਯੁਕਤ ਕੀਟ ਪ੍ਰਬੰਧਨ ਦੁਆਰਾ ਕੀੜੇ ਅਤੇ ਸੰਕਰਮਣ ਨੂੰ ਰੋਕਣਾ, ਫਸਲਾਂ ਦੀ ਰਹਿੰਦ-ਖੂੰਹਦ ਅਤੇ ਨਦੀਨਾਂ ਦਾ ਸਹੀ ਪ੍ਰਬੰਧਨ, ਸੋਕੇ ਦੇ ਤਣਾਅ ਨੂੰ ਰੋਕਣ ਲਈ ਸਿੰਚਾਈ ਦੀ ਵਰਤੋਂ, ਸਮੇਂ ਸਿਰ ਫਸਲੀ ਚੱਕਰ ਦੀ ਤਬਦੀਲੀ ਅਤੇ ਸਹੀ ਖਾਦ ਪ੍ਰਬੰਧ ਆਦਿ ਕਰਨਾ, ਮਾਈਕੋਟੋਕਸਿਨ ਤੇ ਜੋਖਮ ਨੂੰ ਘਟਾਉਣ ਲਈ ਮਹੱਤਵਪੂਰਨ ਹੈ ।



**ਵਾਢੀ ਦੌਰਾਨ ਕੰਟਰੋਲ** : ਵਾਢੀ ਲਈ ਸਿਫਾਰਿਸ਼ ਅਨੁਸਾਰ ਸਰਵੋਤਮ ਅਵਸਥਾ ਦੀ ਚੋਣ ਕਰਨੀ ਚਾਹੀਦਾ ਹੈ ਤਾਂ ਜੋ ਵਧੇਰੇ ਉਪਜ ਅਤੇ ਖੁਰਾਕੀ ਤੱਤ ਭਰਪੂਰ ਚਾਰਾ ਮਿਲ ਜਾਵੇ । ਉਦਾਹਰਨ ਲਈ, ਜਦੋਂ ਦਾਣੇ ਦੁੱਧ ਦੇ ਪੜਾਅ 'ਤੇ ਹੁੰਦੇ ਹਨ ਜਾਂ 2.5 ਮਿਲਕ ਲਾਈਨ ਸਕੋਰ (MLS) 'ਤੇ ਹੁੰਦੇ ਹਨ, ਭਾਵ ਜਦੋਂ ਦੁੱਧ ਦੀ ਲਾਈਨ ਦਾਣੇ ਦੇ ਅੱਧੇ ਹੇਠਾਂ ਹੁੰਦੀ ਹੈ, ਤਾਂ ਅਜਿਹੀ ਮੱਕੀ ਦਾ ਚਾਰਾ ਸਾਈਲੇਜ ਬਨਾਉਣ ਲਈ ਸਭ ਤੋਂ ਵਧੀਆ ਹੈ ।

| ਚਾਰਾ | ਕਟਾਈ ਦੀ ਢੁੱਕਵੀਂ ਅਵਸਥਾ |
|---|---|
| ਚਰੀ ਅਤੇ ਮੱਕੀ | ਦੋਧੇ ਦਾਣਿਆਂ ਦੀ ਅਵਸਥਾ ਤੇ |
| ਬਾਜਰਾ | ਬੂਟ ਅਵਸਥਾ |
| ਜਵੀ | ਦੋਧੇ ਦਾਣਿਆਂ ਦੀ ਅਵਸਥਾ ਤੇ |
| ਨੇਪੀਅਰ ਬਾਜਰਾ ਅਤੇ ਗਿੰਨੀ ਘਾਹ | 1 ਮੀਟਰ ਉਚਾਈ |

ਚਾਰੇ ਵਿਚ ਮਿੱਟੀ ਦੀ ਗੰਦਗੀ ਨੂੰ ਘੱਟ ਕਰਨ ਲਈ ਫਸਲ ਦੀ ਕਟਾਈ ਅਤੇ ਉਚਾਈ ਨਿਰਧਾਰਤ ਕੀਤੀ ਜਾਣੀ ਚਾਹੀਦੀ ਹੈ । ਵਾਢੀ ਵੇਲੇ ਤਿੱਖੇ ਬਲੇਡ ਦੀ ਵਰਤੋਂ ਕਰਨ ਨਾਲ ਸਾਈਲੋ ਨੂੰ ਛੇਤੀ ਭਰਨ ਦਾ ਟੀਚਾ ਪੂਰਾ ਕੀਤਾ ਜਾ ਸਕਦਾ ਹੈ ।

ਇਸ ਤੋਂ ਇਲਾਵਾ, ਮਾਈਕੋਟੋਕਸਿਨ ਦੇ ਖਤਰੇ ਨੂੰ ਘੱਟ ਕਰਨ ਲਈ ਚਾਰੇ ਦੀ ਛੇਤੀ ਤੋਂ ਛੇਤੀ ਕਟਾਈ ਅਤੇ ਪੈਕਿੰਗ ਜ਼ਰੂਰੀ ਹੈ ਕਿਉਕਿ ਸਟੋਰੇਜ ਵਿਚ ਦੇਰੀ ਨਾਲ ਵਾਤਾਵਰਣ ਦਾ ਤਾਪਮਾਨ ਅਤੇ ਨਮੀਂ ਉੱਲੀ ਅਤੇ ਮਾਈਕੋਟੋਕਸਿਨ ਦੇ ਵਿਕਾਸ ਲਈ ਅਨੁਕੂਲ ਸਥਿਤੀਆਂ ਪੈਦਾ ਕਰ ਸਕਦੇ ਹਨ ।

**ਸਾਈਲੇਜ ਬਣਾਉਣ ਦੌਰਾਨ ਕੰਟਰੋਲ** : ਸਿਫਾਰਸ਼ ਕੀਤੇ DM/ਨਮੀ ਦੇ ਪੱਧਰ (35% DM) ਅਤੇ ਕਟਾਈ ਦੀ ਅਵਸਥਾ 'ਤੇ ਵੱਢੇ ਚਾਰੇ ਨੂੰ ਇੱਕ ਢੁਕਵੇਂ ਸਾਈਲੋ ਵਿਚ ਤੇਜ਼ੀ ਨਾਲ ਭਰਿਆ ਜਾਣਾ ਚਾਹੀਦਾ ਹੈ । ਐਨਾਂਇਰੋਬਿਕ ਸਥਿਤੀਆਂ 'ਤੇ ਵੱਡੇ ਚਾਰੇ ਨੂੰ ਇੱਕ ਢੁੱਕਵੇਂ ਸਾਈਲੋ ਵਿਚ ਤੇਜ਼ੀ ਨਾਲ ਭਰਿਆ ਜਾਣਾ ਚਾਹੀਦਾ ਹੈ । ਐਨਾਇਰੋਬਿਕ ਸਥਿਤੀਆਂ (ਆਕਸੀਜਨ ਦੀ ਗੈਰਮੌਜੂਦਗੀ) ਨੂੰ ਸੁਰੱਖਿਅਤ ਰੱਖਣ ਲਈ ਸਾਈਲੋ ਨੂੰ ਪੂਰੀ ਤਰ੍ਹਾਂ ਸੀਲ ਕੀਤਾ ਜਾਣਾ ਚਾਹੀਦਾ ਹੈ ।

ਇਸ ਤੋਂ ਇਲਾਵਾ ਪਿੱਟ ਵਿਚ ਸਾਈਲੇਜ ਬਨਾਉਣ ਲਈ ਪਸ਼ੂਆਂ ਦੇ ਸ਼ੈੱਡ ਅਤੇ ਚਾਰੇ ਵਾਲੇ ਖੇਤ ਦੇ ਨੇੜੇ ਹੀ ਉੱਚੇ ਪੱਧਰ ਤੇ ਇੱਕ ਆਇਤਾਕਾਰ ਪਿੱਟ ਹੋਣਾ ਚਾਹੀਦਾ ਹੈ ਇਸ ਨਾਲ ਸਾਈਲੇਜ ਬਨਾਉਣ ਦੌਰਾਨ ਅਤੇ ਫੀਡ ਆਊਟ ਦੌਰਾਨ ਉੱਲੀ ਲੱਗਣ ਦੀ ਸੰਭਾਵਨਾ ਘੱਟ ਹੋ ਜਾਂਦੀ ਹੈ ।

**ਫੀਡ ਆਊਟ ਦੌਰਾਨ ਕੰਟਰੋਲ** : ਖੋਲ੍ਹਣ ਤੋਂ ਬਾਅਦ, ਹਵਾ ਸਾਈਲੇਜ ਦੇ $CO_2$ ਗੈਸ ਪੈਦਾ ਕਰਦੇ ਹਨ ਅਤੇ pH ਨੂੰ ਵਧਾਉਂਦੇ ਹਨ । ਵਧੇ ਹੋਏ pH ਅਤੇ ਆਕਸੀਜਨ ਦੀ ਮੌਜੂਦਗੀ ਵਜੋਂ ਜਰਾਸੀਮ ਅਤੇ ਜ਼ਹਿਰੀਲੀ ਉੱਲੀ ਪੈਦਾ ਹੋ ਜਾਂਦੀ ਹੈ । ਫੀਡ ਆਊਟ ਦੌਰਾਨ ਹੋਣ ਵਾਲੇ ਐਰੋਬਿਕ ਵਿਗਾੜ ਤੋਂ ਬਚਣ ਲਈ ਮਾੜੀਆਂ ਪ੍ਰਬੰਧਨ ਸਥਿਤੀਆਂ, ਜਿਵੇਂ ਕਿ ਚੂਹਿਆਂ, ਪੰਛੀਆਂ, ਜਾਨਵਰਾਂ ਦੁਆਰਾ ਪੌਲੀਥੀਨ ਨੂੰ ਨੁਕਸਾਨ ਪਹੁੰਚਾਉਣਾ, ਫੀਡ ਆਊਟ ਹੋਣ ਤੋਂ ਬਾਅਦ ਪੌਲੀਥੀਨ ਨੂੰ ਖੁੱਲ੍ਹਾ ਛੱਡ ਦੇਣਾ ਆਦਿ ਤੋਂ ਬਚਾਅ ਰੱਖਣਾ ਚਾਹੀਦਾ ਹੈ ।

ਇਸ ਤੋਂ ਇਲਾਵਾ ਫੀਡ-ਆਊਟ ਦੌਰਾਨ ਕੁੱਝ ਖਾਸ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ; ਜਿਵੇਂ ਕਿ

★ ਕੱਢਣ ਵੇਲੇ ਸਾਈਲੇਜ ਇਕ ਪਾਸੇ ਤੋਂ ਖੋਲਣਾ ਚਾਹੀਦਾ ਹੈ ਅਤੇ ਇਸ ਤੇ ਉੱਪਰ ਤੋਂ ਥੱਲੇ ਸਿੱਧਾ ਕੱਟ ਲਾਉਣਾ ਚਾਹੀਦਾ ਹੈ ਤਾਂ ਜੋ ਕੱਢਣ ਤੋਂ ਬਾਅਦ ਆਚਾਰ ਦੀ ਇੱਕ ਸਿੱਧੀ ਤਹਿ ਬਣੀ ਰਹੇ ।

★ ਪ੍ਰਤੀ ਦਿਨ ਘੱਟ ਘੱਟ 10-16 ਸੈਂਟੀਮੀਟਰ ਦੀ ਤਹਿ ਦੇ ਦਰ ਨਾਲ ਅਚਾਰ ਕੱਢਣਾ ਚਾਹੀਦਾ ਹੈ, ਅਤੇ ਤੁਰੰਤ ਪਸ਼ੂਆਂ ਨੂੰ ਖਿਲਾ ਦੇਣਾ ਚਾਹੀਦਾ ਹੈ । ਕੱਢਣ ਤੋਂ ਬਾਅਦ ਪਿੱਟ ਵਿਚ ਰਹਿ ਗਏ ਸਾਈਲੇਜ ਨੂੰ ਤੁਰੰਤ ਚੰਗੀ ਤਰ੍ਹਾਂ ਢੱਕ ਦਿਉ ।

★ ਖਰਾਬ ਹੋਈ ਸਾਈਲੇਜ ਨੂੰ ਪਸ਼ੂਆਂ ਨੂੰ ਬਿਲਕੁਲ ਨਾ ਪਾਓ ਅਤੇ ਇਸ ਨੂੰ ਕੁਆਲਿਟੀ ਦੇ ਸਾਈਲੇਜ ਨਾਲ ਨਾ ਮਿਲਾਓ ।

**ਅਸਲ ਵਿਚ ਸਾਈਲੇਜ ਬਨਾਉਣ ਲਈ ਵਰਤਿਆ ਜਾਣ ਵਾਲਾ ਚਾਰਾ ਕਾਸ਼ਤ ਦੇ ਦੌਰਾਨ ਹੀ ਖੇਤ ਵਿਚਲੀ ਯੀਸਟ ਅਤੇ ਉੱਲੀ ਆਦਿ ਦੇ ਸੰਪਰਕ ਵਿਚ ਹੁੰਦਾ ਹੈ । ਇਹੋ ਕਾਰਨ ਹੈ ਕਿ ਸਾਈਲੇਜ ਵਿਚ ਉੱਲੀ ਦਾ ਸੰਕਰਮਣ ਚਾਰਿਆਂ ਦੀ ਕਾਸ਼ਤ, ਵਾਢੀ, ਸੰਭਾਲ, ਤੁਆਈ ਜਾਂ ਤਿਆਰ ਸਾਈਲੇਜ ਨੂੰ ਕੱਢਣ ਵੇਲੇ ਹੋ ਸਕਦਾ ਹੈ ।**

RNI Regd. No. PUNPUN00806

# ਪਰਾਲੀ ਸਾੜਨ ਦੀ ਸਮੱਸਿਆ ਨਾਲ ਨਜਿੱਠਣ ਲਈ ਠੋਸ ਨੀਤੀ ਦੀ ਲੋੜ



ਪਿਛਲੇ ਸਾਲਾਂ ਵਾਂਗ ਪੰਜਾਬ ਵਿਚ ਝੋਨੇ ਦੀ ਕਟਾਈ ਹੋਣ ਦੇ ਨਾਲ ਹੀ ਪਰਾਲੀ ਨੂੰ ਅੱਗ ਲਗਾਉਣ ਦਾ ਸਿਲਸਿਲਾ ਪਹਿਲਾਂ ਵਾਂਗ ਸ਼ੁਰੂ ਹੋ ਚੁੱਕਾ ਹੈ। ਤਰਨਤਾਰਨ ਜ਼ਿਲ੍ਹੇ ਵਿਚ ਪਰਾਲੀ ਨੂੰ ਸਾੜਨ ਦੇ ਮਾਮਲੇ ਸਾਹਮਣੇ ਆਉਣ 'ਤੇ ਇਸ ਨਾਲ ਸਖਤੀ ਨਾਲ ਨਜਿੱਠਣ ਲਈ ਪ੍ਰਸ਼ਾਸਨ ਵੱਲੋਂ ਸੁਪਰੀਮ ਕੋਰਟ ਤੇ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਦੇ ਹੁਕਮਾਂ ਦੀ ਪਾਲਣਾ ਕਰਦਿਆਂ 16 ਸਤੰਬਰ 2024 ਨੂੰ ਪਰਾਲੀ ਨੂੰ ਅੱਗ ਲਗਾਉਣ ਵਾਲੇ ਕਿਸਾਨ ਖਿਲਾਫ ਪਹਿਲੀ ਐਫ. ਆਈ. ਆਰ. ਦਰਜ ਕੀਤੀ ਗਈ ਹੈ। ਪਰਾਲੀ ਨੂੰ ਅੱਗ ਲਗਾਉਣ ਵਾਲੇ ਕਿਸਾਨਾਂ ਨੂੰ ਝੋਨੇ ਦੀ ਰਹਿੰਦ-ਖੂੰਹਦ ਤੋਂ ਛੁਟਕਾਰਾ ਪਾਉਣ ਦਾ ਇਹ ਤਰੀਕਾ ਸੌਖਾ ਤੇ ਤੇਜ਼ ਲਗਦਾ ਹੈ। ਪਰਾਲੀ ਸਾੜਨ ਦੇ ਮਾਮਲਿਆਂ ਦੀ ਕਈ ਜ਼ਿਲ੍ਹਿਆਂ ਵਿਚ ਸ਼ਨਾਖਤ ਕੀਤੀ ਗਈ ਹੈ ਤੇ ਸਰਕਾਰੀ ਅਮਲੇ ਨੂੰ ਵੀ ਸਰਗਰਮ ਕੀਤਾ ਗਿਆ ਹੈ। ਕਿਸੇ ਤਰ੍ਹਾਂ ਦੀ ਸਖਤੀ ਖਿਲਾਫ ਕਿਸਾਨ ਜਥੇਬੰਦੀਆਂ ਨੇ ਪਹਿਲਾਂ ਹੀ ਚਿਤਾਵਨੀ ਦਿੱਤੀ ਹੋਈ ਹੈ, ਇਸ ਲਈ ਕਿਸੇ ਕਠੋਰ ਕਾਰਵਾਈ ਦੀ ਸੰਭਾਵਨਾ ਹੀ ਹੈ। ਮਨ ਨੂੰ ਠੁੰਮਣਾ ਦੇਣ ਵਾਲੀ ਗੱਲ ਇਹ ਹੈ ਕਿ ਪਰਾਲੀ ਸਾੜਨ ਤੋਂ ਬਚਣ ਸੰਬੰਧੀ ਕਿਸਾਨਾਂ 'ਚ ਜਾਗਰੂਕਤਾ ਵਧ ਰਹੀ ਹੈ ਤੇ ਉਹ ਆਪਣੇ ਹਿੱਤਾਂ ਬਾਰੇ ਚੇਤੰਨ ਹੋ ਰਹੇ ਹਨ। ਇਸ ਮਾਮਲੇ ਵਿਚ ਨੀਤੀ ਘੜਨ ਦੇ ਪੱਖ ਤੋਂ ਅਸਮਰੱਥਾ ਚਿੰਤਾਜਨਕ ਹੈ, ਕਿਉਂਕਿ ਇਸ ਸਮੱਸਿਆ ਨਾਲ ਨਜਿੱਠਣ ਲਈ ਸਰਕਾਰੀ ਵਿੱਤੀ ਮਦਦ ਤੇ ਵੱਧ ਤੋਂ ਵੱਧ ਸਹਿਯੋਗ ਦੀ ਵਿਸ਼ੇਸ਼ ਭੂਮਿਕਾ ਹੈ।

ਪਰਾਲੀ ਨੂੰ ਅੱਗ ਲਗਾਉਣ ਬਾਰੇ ਜਿੰਨੀਆਂ ਚਿੰਤਾਵਾਂ ਸਾਹਮਣੇ ਆ ਰਹੀਆਂ ਹਨ, ਉਸ ਦੇ ਮੁਕਾਬਲੇ ਝੋਨੇ ਦੀ ਖਰੀਦ ਕਰਨ ਬਾਰੇ ਕਿਸੇ ਨੇ ਕੋਈ ਚਿੰਤਾ ਨਹੀਂ ਪ੍ਰਗਟਾਈ। ਜੇਕਰ ਸਰਕਾਰ ਨੇ ਪਰਾਲੀ ਸਾੜਨ ਨੂੰ ਰੋਕਣ ਲਈ ਚੁੱਕੇ ਕਦਮਾਂ ਵੱਲ ਵੇਖੀਏ ਤਾਂ ਇਨ੍ਹਾਂ ਨੂੰ ਕਿੱਥੋਂ ਤੱਕ ਅਮਲੀ ਜਾਮਾ ਪਹਿਨਾਇਆ ਜਾਵੇਗਾ, ਇਸ ਬਾਰੇ ਤਾਂ ਬਾਅਦ 'ਚ ਹੀ ਪਤਾ ਲੱਗੇਗਾ। ਪੰਜਾਬ ਸਰਕਾਰ ਨੇ ਸਮੱਸਿਆ ਸਬੰਧੀ ਕਈ ਕਦਮ ਚੁੱਕਣ ਦਾ ਦਾਅਵਾ ਕੀਤਾ ਹੈ, ਜਿਸ ਵਿਚ ਕਿਸਾਨਾਂ ਖਿਲਾਫ ਫੌਜਦਾਰੀ ਕਾਰਵਾਈ ਵੀ ਸ਼ਾਮਿਲ ਹੈ। ਕਿਸਾਨਾਂ ਦੇ ਮਾਲੀਆ ਰਿਕਾਰਡ ਵਿਚ ਲਾਲ ਅੱਖਰਾਂ ਦੇ ਇੰਦਰਾਜ ਦਰਜ ਕਰਨ ਦੀ ਨੀਤੀ ਬਣਾਈ ਗਈ ਹੈ, ਜਿਸ ਤਹਿਤ ਕਿਸਾਨ ਹਥਿਆਰਾਂ ਦੇ ਲਾਈਸੈਂਸ ਨਹੀਂ ਨਵਿਆ ਸਕਣਗੇ। ਅੰਮ੍ਰਿਤਸਰ ਜ਼ਿਲ੍ਹੇ ਵਿਚ ਪਰਾਲੀ ਪ੍ਰਬੰਧਨ ਦੀਆਂ ਨੀਤੀਆਂ ਵਿਚ ਦਿੱਕਤਾਂ ਆ ਰਹੀਆਂ ਹਨ ਅਤੇ 'ਬੇਲਰ ਆਪਰੇਟਰਾਂ' ਨੇ ਸ਼ਿਕਾਇਤਾਂ ਕੀਤੀਆਂ ਹਨ। ਸੰਗਰੂਰ ਜ਼ਿਲ੍ਹੇ ਵਿਚ ਝੋਨੇ ਦੀ ਪਰਾਲੀ ਦਾ ਵਿਗਿਆਨਕ ਢੰਗ ਨਾਲ ਹੱਲ ਕਰਨ ਦੀਆਂ ਯੋਜਨਾਵਾਂ ਘੜੀਆਂ ਗਈਆਂ ਹਨ, ਜਦਕਿ ਲੁਧਿਆਣੇ ਵਿਚ ਕਾਫੀ ਵਿਰੋਧ ਦੇਖਣ ਨੂੰ ਮਿਲਿਆ ਹੈ। ਪਰਾਲੀ ਨੂੰ ਸਾੜਨ ਦਾ ਮਸਲਾ ਕਾਫੀ ਗੁੰਝਲਦਾਰ ਬਣ ਚੁੱਕਿਆ ਹੈ, ਜਿਸ ਦੇ ਹੱਲ ਲਈ ਸਮਾਂ ਲੱਗ ਸਕਦਾ ਹੈ। ਪਰਾਲੀ ਨੂੰ ਸਾੜਨ ਦੇ ਅੰਕੜਿਆਂ ਵਿਚ ਕਮੀ ਲਿਆਉਣ ਵਾਸਤੇ ਕਾਰਗਰ ਰਣਨੀਤੀ ਬਣਾਉਣ ਲਈ ਅਜੇ ਬਹੁਤ ਕੁਝ ਕਰਨ ਦੀ ਲੋੜ ਹੈ। ਪਰਾਲੀ ਤੇ ਮੁੱਢਾਂ ਨੂੰ ਖੇਤਾਂ ਵਿਚ ਸਾੜਨ ਦਾ ਮਸਲਾ ਆਰਥਿਕਤਾ ਨਾਲ ਵੀ ਜੁੜਿਆ ਹੋਇਆ ਹੈ। ਜੇਕਰ ਕਿਸਾਨਾਂ ਕੋਲ ਸਮਾਂ, ਕਿਰਤ ਸ਼ਕਤੀ ਤੇ ਪੈਸਾ ਹੋਵੇ ਤਾਂ ਉਹ ਪਰਾਲੀ ਕਿਉਂ ਸਾੜਨਗੇ ? ਹਾਲਾਂਕਿ ਪਰਾਲੀ ਨੂੰ ਖੇਤਾਂ 'ਚ ਸਾੜਨ ਤੋਂ ਪੈਦਾ ਹੋਏ ਖਤਰਨਾਕ ਪ੍ਰਦੂਸ਼ਣ ਦਾ ਸਭ ਤੋਂ ਜ਼ਿਆਦਾ ਅਸਰ ਕਿਸਾਨਾਂ ਦੇ ਪਰਿਵਾਰਾਂ 'ਤੇ ਹੀ ਹੁੰਦਾ ਹੈ। ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਪ੍ਰਦੂਸ਼ਣ ਤੋਂ ਪੈਦਾ ਹੋਣ ਵਾਲੇ ਸਾਹ ਸੰਬੰਧੀ ਰੋਗਾਂ ਵਿਚ ਵਾਧਾ ਹੋਇਆ ਹੈ। ਹਾਲਾਂਕਿ ਇਹ ਗੱਲ ਵੱਖਰੀ ਹੈ ਕਿ ਇਸ ਸਮੱਸਿਆ ਨੂੰ ਲੈ ਕੇ ਦਿੱਲੀ ਵਿਚ ਹੁੰਦੇ ਹਵਾ ਦੇ ਪ੍ਰਦੂਸ਼ਣ ਦੇ ਪ੍ਰਸੰਗ ਵਿਚ ਜ਼ਿਆਦਾ ਵਧਾਅ-ਚੜ੍ਹਾਅ ਕੇ ਦੱਸਿਆ ਜਾਂਦਾ ਹੈ। ਅਸਲੀਅਤ ਤਾਂ ਇਹੀ ਹੈ ਕਿ ਪਰਾਲੀ ਸਾੜਨ ਤੋਂ ਪੈਦਾ ਹੁੰਦੇ ਪ੍ਰਦੂਸ਼ਣ ਦਾ ਬਹੁਤਾ ਬੁਰਾ ਪ੍ਰਭਾਵ ਜ਼ਿਆਦਾਤਰ ਪੰਜਾਬ 'ਤੇ ਪੈਂਦਾ ਹੈ। ਜਦੋਂ ਗੱਲ ਦਿੱਲੀ ਦੀ ਹੋਵੇ ਤਾਂ ਮਾਹਿਰ ਦਿੱਲੀ ਵਾਸੀਆਂ ਦੀ ਸਿਹਤ ਪ੍ਰਤੀ ਪੈਦਾ ਹੋਣ ਵਾਲੀਆਂ ਸਿਹਤ ਸਮੱਸਿਆਵਾਂ ਅਤੇ ਉਨ੍ਹਾਂ 'ਤੇ ਹੋਣ ਵਾਲੇ ਖਰਚਿਆਂ ਦੀ ਗੱਲ ਤਾਂ ਬਹੁਤ ਵਿਸਥਾਰ ਨਾਲ ਕਰਦੇ ਹਨ, ਪਰ ਪੰਜਾਬ ਦੇ ਪ੍ਰਸੰਗ ਵਿਚ ਇਸ ਮਸਲੇ ਦੀ ਤਹਿ ਤੱਕ ਕਦੇ ਨਹੀਂ ਜਾਂਦੇ। ਸਰਕਾਰਾਂ ਨੂੰ ਤਕਨੀਕੀ ਦ੍ਰਿਸ਼ਟੀਕੋਣ ਅਪਣਾਉਣ ਦੀ ਲੋੜ ਹੈ। ਪਰਾਲੀ ਦੀਆਂ ਗੱਠਾਂ ਬਣਾਉਣ ਵਾਲੀਆਂ ਮਸ਼ੀਨਾਂ ਦਾ ਮਸਲਾ ਆਪਣੇ ਆਪ ਹੱਲ ਹੋ ਜਾਵੇਗਾ, ਜੇਕਰ ਮੂਹਰੇ ਪਰਾਲੀ ਦੇ ਖਪਤਕਾਰ ਹੋਣਗੇ। ਪਰਾਲੀ ਦੀਆਂ ਗੱਠਾਂ ਨੂੰ ਖੇਤਾਂ 'ਚੋਂ ਲੈ ਕੇ ਜਾਣ ਦਾ ਪੂਰਾ ਪ੍ਰਬੰਧ ਹੋਣਾ ਚਾਹੀਦਾ ਹੈ। ਕੇਂਦਰ ਤੇ ਸੂਬਾ ਸਰਕਾਰਾਂ ਕੁਝ ਰਕਮ ਕਿਸਾਨਾਂ ਨੂੰ ਰਾਹਤ ਦੇ ਰੂਪ ਵਿਚ ਦੇ ਕੇ ਇਹ ਕਿਉ ਨਿਸ਼ਚਿਤ ਨਹੀਂ ਕਰਵਾਉਂਦੀਆਂ ਕਿ ਕਿਸਾਨ ਪਰਾਲੀ ਤੇ ਉਨ੍ਹਾਂ ਦੇ ਮੁੱਢਾਂ ਨੂੰ ਖੇਤਾਂ ਵਿਚ ਨਾ ਸਾੜਨ ਤੇ ਧਰਤੀ ਦੀ ਗੁਣਵੱਤਾ 'ਤੇ ਪੈਂਦੇ ਮਾੜੇ ਅਸਰ ਦਾ ਹਰਜਾਨਾ ਕਿਸਾਨਾਂ ਨੂੰ ਨਾ ਭੁਗਤਣਾ ਪਵੇ। ਅੰਨਦਾਤਾ ਆਪਣੀ ਜੋਬਨ 'ਤੇ ਆਈ ਫਸਲ ਦੀ ਫਿਕਰ ਕਰਦਾ ਹੋਇਆ, ਉਸ ਦੀ ਰਾਖੀ ਕਰਨ ਦੀ ਬਜਾਏ ਡੀ.ਸੀ. ਦਫਤਰਾਂ ਵਿਚ ਮੰਗ-ਪੱਤਰ ਦਿੰਦਾ ਫਿਰ ਰਿਹਾ ਹੈ। ਉਸ ਦੀ ਕਰੜੀ ਮਿਹਨਤ ਤੇ ਮੁਸ਼ੱਕਤ ਦੀ ਸਮੱਸਿਆ ਵੀ ਖਤਮ ਹੋ ਜਾਵੇਗੀ। ਪਰਾਲੀ ਦੀ ਸਮੱਸਿਆ ਸਭ ਲੋਕਾਂ ਲਈ ਸਾਂਝੀ ਸਮੱਸਿਆ ਹੈ, ਜਿਸ ਨਾਲ ਨਜਿੱਠਣ ਲਈ ਸਰਕਾਰਾਂ ਨੂੰ ਕਿਸਾਨਾਂ ਨੂੰ ਨਾਲ ਲੈ ਕੇ ਇਸ ਦਾ ਪੱਕਾ ਹੱਲ ਕਰਨ ਦੀ ਲੋੜ ਹੈ।

**ਕਮਲਜੀਤ ਕੌਰ ਗੁੰਮਟੀ-ਬਰਨਾਲਾ**
ਮੋ. 9876926873

